**ਏਂਗਲਜ਼**

# ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

*ਫ਼ਰੈਡਰਿਕ ਏਂਗਲਜ਼*

# ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਸਵਾਲ



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ , ਰਾਹੁਲ ਫਾਉਂਡੇਸ਼ਨ, ਲਖਨਊ)**

ਪਹਿਲੀ ਵਾਰ — 1978
ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 20 ਰੁਪਏ**

ਬੁਰਜੂਆ ਅਤੇ ਪਿਛਾਖੜ ਦੀਆਂ ਪਾਰਟੀਆਂ ਇਸ ਗੱਲ ਉੱਤੇ ਬਹੁਤ ਹੈਰਾਨ ਹੋ ਰਹੀਆਂ ਹਨ ਕਿ ਹਰ ਥਾਂ ਉੱਤੇ ਸੋਸ਼ਲਿਸਟਾਂ ਵਿਚਕਾਰ ਕਿਸਾਨੀ ਸਵਾਲ ਨੂੰ ਅਚਾਨਕ ਹੀ ਅਜੋਕੇ ਅਜੰਡੇ ਉੱਤੇ ਕਿਉਂ ਲਿਆਂਦਾ ਗਿਆ ਹੈ। ਜਿਸ ਗੱਲ ਉੱਤੇ ਉਹਨਾਂ ਨੂੰ ਅਸਲ ਵਿੱਚ ਹੈਰਾਨੀ ਹੋਣੀ ਚਾਹੀਦੀ ਹੈ, ਉਹ ਇਹ ਹੈ ਕਿ ਇਹ ਗੱਲ ਬਹੁਤ ਸਮਾਂ ਪਹਿਲਾਂ ਤੋਂ ਕਿਉਂ ਨਹੀਂ ਕੀਤੀ ਗਈ। ਆਇਰਲੈਂਡ ਤੋਂ ਸਿਸਲੀ ਤੱਕ, ਅੰਡਾਲੂਸੀਆ ਤੋਂ ਰੂਸ ਤੇ ਬੁਲਗਾਰੀਆ ਤੱਕ, ਕਿਸਾਨ ਵਸੋਂ, ਪੈਦਾਵਾਰ ਤੇ ਰਾਜਨੀਤਕ ਸੱਤਾ ਦਾ ਇੱਕ ਬਹੁਤ ਹੀ ਜ਼ਰੂਰੀ ਅਨਸਰ ਹਨ। ਪੱਛਮੀ ਯੂਰਪ ਦੇ ਕੇਵਲ ਦੋ ਖੇਤਰ ਹੀ ਛੋਟੇ ਹਨ। ਖ਼ੁਦ ਬਰਤਾਨੀਆ ਵਿੱਚ ਵੱਡੀਆਂ ਜ਼ਮੀਨੀ ਜਾਇਦਾਦਾਂ ਅਤੇ ਵੱਡ-ਪੱਧਰੀ ਜ਼ਰਾਇਤ ਦੀ ਮੁਕੰਮਲ ਤੌਰ ਤੇ ਥਾਂ ਸਵੈ-ਨਿਰਭਰ ਕਿਸਾਨ ਨੇ ਲੈ ਲਈ ਹੈ; ਐਲਬ ਦੇ ਪੂਰਬ ਦੇ ਪ੍ਰਸ਼ੀਆ ਵਿੱਚ ਵੀ ਇਹੋ ਅਮਲ ਸਦੀਆਂ ਤੋਂ ਚੱਲਦਾ ਆ ਰਿਹਾ ਹੈ; ਇੱਥੇ ਵੀ ਕਿਸਾਨ ਨੂੰ ਬਹੁਤਾ ਹੀ ਬਹੁਤਾ "ਬਾਹਰ ਕੱਢਿਆ" ਜਾ ਰਿਹਾ ਹੈ (ਵਰਡ "ਗੈਲੈਸਟ" ਬਾਉਰਨਲੀਗਨ—ਜਰਮਨ ਇਤਿਹਾਸ ਤੋਂ ਲਿਆ ਗਿਆ ਤਕਨੀਕੀ ਸ਼ਬਦ, ਜਿਸ ਦਾ ਅਰਥ ਕਿਸਾਨਾਂ ਦੀ ਬੇਦਖ਼ਲੀ, ਉਹਨਾਂ ਦੀ ਲੁੱਟ-ਖੋਹ ਹੁੰਦਾ ਹੈ—ਏਂਗਲਜ਼ ਦੀ ਕ੍ਰਿਤ ਦੇ ਆਰੰਭ ਦੇ ਆਪਣੇ ਅਨੁਵਾਦ ਦਾ ਲੈਨਿਨ ਦਾ ਨੋਟ) ਜਾਂ ਘੱਟੋ ਘੱਟ ਉਹਨਾਂ ਨੂੰ ਆਰਥਕ ਤੇ ਰਾਜਨੀਤਕ ਤੌਰ ਤੇ ਪਿਛੋਕੜ ਵਿੱਚ ਧੱਕਿਆ ਜਾ ਰਿਹਾ ਹੈ।

ਹੁਣ ਤੱਕ ਕਿਸਾਨ ਨੇ ਬਹੁਤਾ ਕਰਕੇ ਆਪਣੇ ਆਪ ਨੂੰ ਕੇਵਲ ਆਪਣੀ ਬੇਪਰਵਾਹੀ ਰਾਹੀਂ ਹੀ ਰਾਜਨੀਤਕ ਸੱਤਾ ਦੇ ਅਜਿਹੇ ਅਨਸਰ ਵਜੋਂ ਪ੍ਰਗਟ ਕੀਤਾ ਹੈ, ਜਿਸ ਦੀਆਂ ਜੜ੍ਹਾਂ ਪੇਂਡੂ ਜੀਵਨ ਦੇ ਨਵੇਕਲੇਪਣ ਵਿੱਚ ਹਨ। ਵਸੋਂ ਦੀ ਭਾਰੀ ਗਿਣਤੀ ਦੀ ਇਹ ਬੇਪਰਵਾਹੀ ਕੇਵਲ ਪੈਰਿਸ ਅਤੇ ਰੋਮ ਵਿੱਚ ਸੰਸਦੀ ਭ੍ਰਿਸ਼ਟਾਚਾਰ ਦਾ ਹੀ ਨਹੀਂ ਸਗੋਂ ਰੂਸੀ ਆਪਹੁਦਰਾਸ਼ਾਹੀ ਦਾ ਵੀ ਸਭ ਤੋਂ ਮਜ਼ਬੂਤ ਥੰਮ੍ਹ ਹੈ। ਫੇਰ ਵੀ ਇਹ ਕਿਸੇ ਤਰ੍ਹਾਂ ਅਲੰਘ ਗੱਲ ਨਹੀਂ ਹੈ। ਪੱਛਮੀ ਯੂਰਪ ਵਿੱਚ ਖ਼ਾਸ ਕਰਕੇ ਉਹਨਾਂ ਭਾਗਾਂ ਵਿੱਚ ਜਿੱਥੇ ਛੋਟੀ ਕਿਸਾਨ ਮਾਲਕੀ ਦਾ ਬੋਲਬਾਲਾ ਹੈ, ਮਜ਼ਦੂਰ ਜਮਾਤ ਲਹਿਰ ਦੇ ਉਭਾਰ ਤੋਂ ਮਗਰੋਂ ਬੁਰਜੂਆਜ਼ੀ ਲਈ ਇਹ ਗੱਲ ਖ਼ਾਸ ਕਰਕੇ ਕੋਈ ਮੁਸ਼ਕਲ ਨਹੀਂ ਰਹੀ ਕਿ ਉਹ ਸਮਾਜਵਾਦੀ ਮਜ਼ਦੂਰਾਂ ਨੂੰ ਕਿਸਾਨਾਂ ਦੇ ਦਿਮਾਗ਼ਾਂ ਵਿੱਚ

ਪਾਰਤੇਜੇਕਸ ਵਜੋਂ, ਅਜਿਹੇ ਲੋਕਾਂ ਵਜੋਂ ਜੋ "ਵੰਡ ਕਰਨੀ" ਚਾਹੁੰਦੇ ਹਨ, ਸੁਸਤ ਲਾਲਚੀ ਸ਼ਹਿਰਵਾਸੀਆਂ ਵਜੋਂ ਜੋ ਕਿਸਾਨਾਂ ਦੀ ਜਾਇਦਾਦ ਉੱਤੇ ਨਜ਼ਰ ਰੱਖਦੇ ਹਨ, ਸ਼ੱਕੀ ਤੇ ਭੈੜੇ ਬਣਾ ਦੇਵੇ। ਫ਼ਰਵਰੀ 1848 ਦੇ ਇਨਕਲਾਬ ਦੀਆਂ ਅਸਪੱਸ਼ਟ ਸਮਾਜਵਾਦੀ ਭਾਵਨਾਵਾਂ ਫ਼ਰਾਂਸੀਸੀ ਕਿਸਾਨੀ ਦੀਆਂ ਪਿਛਾਖੜੀ ਵੋਟਾਂ ਨੇ ਛੇਤੀ ਹੀ ਖ਼ਤਮ ਕਰ ਦਿੱਤੀਆਂ; ਕਿਸਾਨ ਨੇ ਜਿਹੜਾ ਮਨ ਦੀ ਸ਼ਾਂਤੀ ਚਾਹੁੰਦਾ ਸੀ, ਆਪਣੀਆਂ ਯਾਦਾਂ ਦੇ ਭੰਡਾਰ ਵਿੱਚੋਂ ਨੈਪੋਲੀਅਨ ਦੀ, ਕਿਸਾਨਾਂ ਦੇ ਸ਼ਹਿਨਸ਼ਾਹ ਦੀ ਗਾਥਾ ਕੱਢ ਲਈ ਅਤੇ ਦੂਜੀ ਸਲਤਨਤ ਦੀ ਰਚਨਾ ਕੀਤੀ। ਅਸੀਂ ਸਾਰੇ ਜਾਣਦੇ ਹਾਂ ਕਿ ਕਿਸਾਨਾਂ ਦੇ ਇੱਕੋ ਕਾਰਨਾਮੇ ਦਾ ਮੁੱਲ ਫ਼ਰਾਂਸ ਦੇ ਲੋਕਾਂ ਨੂੰ ਕਿੰਨਾ ਤਾਰਨਾ ਪਿਆ; ਉਹ ਉਹਦੇ ਪਿੱਛੇ ਛੱਡੇ ਅਸਰਾਂ ਥੱਲੇ ਅਜੇ ਵੀ ਪਿਸ ਰਹੇ ਹਨ।

ਪਰ ਉਸ ਤੋਂ ਮਗਰੋਂ ਬੜਾ ਕੁੱਝ ਬਦਲ ਚੁੱਕਿਆ ਹੈ। ਪੈਦਾਵਾਰ ਦੇ ਪੂੰਜੀਵਾਦੀ ਰੂਪ ਦੇ ਵਿਕਾਸ ਨੇ ਜ਼ਰਾਇਤ ਵਿੱਚ ਛੋਟੀ ਪੈਦਾਵਾਰ ਦੀਆਂ ਜੀਵਨ-ਤੰਦਾਂ ਤੋੜ ਦਿੱਤੀਆਂ ਹਨ; ਛੋਟੀ ਪੈਦਾਵਾਰ ਅਟੱਲ ਰੂਪ ਵਿੱਚ ਤਬਾਹੀ ਵੱਲ ਜਾ ਰਹੀ ਹੈ। ਉੱਤਰੀ ਤੇ ਦੱਖਣੀ ਅਮਰੀਕਾ ਵਿਚਲੇ ਅਤੇ ਭਾਰਤ ਵਿਚਲੇ ਮੁਕਾਬਲੇ ਵਿੱਚ ਆਉਣ ਵਾਲਿਆਂ ਨੇ ਵੀ ਯੂਰਪੀ ਮੰਡੀ ਵਿੱਚ ਆਪਣੇ ਸਸਤੇ ਅਨਾਜ ਦਾ ਹੜ੍ਹ ਲੈ ਆਂਦਾ ਹੈ ਜੋ ਇੰਨਾ ਸਸਤਾ ਹੈ ਕਿ ਕੋਈ ਵੀ ਘਰੇਲੂ ਪੈਦਾਕਾਰ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਵੱਡੇ ਜ਼ਿਮੀਦਾਰ ਅਤੇ ਛੋਟੇ ਕਿਸਾਨ ਦੋਵੇਂ ਹੀ ਤਬਾਹੀ ਦੀ ਦੰਦੀ ਉੱਤੇ ਖਲੋਤੇ ਹਨ। ਅਤੇ ਕਿਉਂਕਿ ਉਹ ਦੋਵੇਂ ਹੀ ਜ਼ਮੀਨ ਦੇ ਮਾਲਕ ਹਨ ਅਤੇ ਪੇਂਡੂ ਹਨ, ਵੱਡੇ ਜ਼ਿਮੀਦਾਰ ਛੋਟੇ ਕਿਸਾਨਾਂ ਦੇ ਹਿੱਤਾਂ ਦੇ ਸਮਰਥਕਾਂ ਦਾ ਰੋਲ ਧਾਰਨ ਕਰ ਲੈਂਦੇ ਹਨ ਅਤੇ ਛੋਟੇ ਕਿਸਾਨ ਆਮ ਤੌਰ ਤੇ ਉਹਨਾਂ ਦੇ ਅਜਿਹੇ ਰੋਲ ਨੂੰ ਪ੍ਰਵਾਨ ਕਰ ਲੈਂਦੇ ਹਨ।

ਇਸ ਦੌਰਾਨ ਪੱਛਮ ਵਿੱਚ ਇੱਕ ਸ਼ਕਤੀਸ਼ਾਲੀ ਸਮਾਜਵਾਦੀ ਮਜ਼ਦੂਰ ਪਾਰਟੀ ਪੈਦਾ ਹੋ ਗਈ ਹੈ ਅਤੇ ਵਿਕਾਸ ਕਰ ਗਈ ਹੈ। ਭਵਿੱਖ ਬਾਰੇ ਅਸਪਸ਼ੱਟ ਤੌਖ਼ਲੇ ਅਤੇ ਫ਼ਰਵਰੀ ਇਨਕਲਾਬ ਵੇਲੇ ਦੀਆਂ ਭਾਵਨਾਵਾਂ ਸਪੱਸ਼ਟ ਹੋ ਗਈਆਂ ਅਤੇ ਉਹਨਾਂ ਨੇ ਅਜਿਹੇ ਪ੍ਰੋਗਰਾਮ ਦਾ ਵਧੇਰੇ ਵਿਸ਼ਾਲ ਤੇ ਡੂੰਘੇਰਾ ਘੇਰਾ ਧਾਰਨ ਕਰ ਲਿਆ ਜਿਹੜਾ ਸਾਰੀਆਂ ਵਿਗਿਆਨਕ ਲੋੜਾਂ ਪੂਰੀਆਂ ਕਰਦਾ ਹੈ ਅਤੇ ਜਿਸ ਵਿੱਚ ਨਿਸ਼ਚਿਤ ਨਿੱਗਰ ਮੰਗਾਂ ਸ਼ਾਮਲ ਹਨ; ਅਤੇ ਸੋਸ਼ਲਿਸਟ ਡਿਪਟੀਆਂ ਦੀ ਇਕਸਾਰ ਵਧਦੀ ਜਾ ਰਹੀ ਗਿਣਤੀ ਜਰਮਨ, ਫਰਾਂਸੀਸੀ ਅਤੇ ਬੈਲਜੀਅਮ ਪਾਰਲੀਮੈਂਟਾਂ ਵਿੱਚ ਇਹਨਾਂ ਮੰਗਾਂ ਲਈ ਸੰਗਰਾਮ ਕਰ ਰਹੀ ਹੈ। ਸੋਸ਼ਲਿਸਟ ਪਾਰਟੀ ਵੱਲੋਂ ਰਾਜਨੀਤਕ ਸੱਤਾ ਦਾ ਜਿੱਤਿਆ ਜਾਣਾ ਹੁਣ ਕੋਈ ਬਹੁਤ ਦੂਰ ਦੀ ਗੱਲ ਨਹੀਂ ਰਹੀ। ਪਰ

ਰਾਜਨੀਤਕ ਸੱਤਾ ਜਿੱਤਣ ਲਈ ਇਸ ਪਾਰਟੀ ਨੂੰ ਪਹਿਲਾਂ ਸ਼ਹਿਰਾਂ ਤੋਂ ਪਿੰਡਾਂ ਵਿੱਚ ਜਾਣਾ ਪਵੇਗਾ ਅਤੇ ਪੇਂਡੂ ਇਲਾਕੇ ਵਿੱਚ ਇੱਕ ਸ਼ਕਤੀ ਬਣਨਾ ਪਵੇਗਾ। ਇਹ ਪਾਰਟੀ, ਜਿਸ ਨੂੰ ਦੂਜੀਆਂ ਸਾਰੀਆਂ ਨਾਲ਼ੋਂ ਇੱਕ ਗੱਲ ਦਾ ਲਾਭ ਪ੍ਰਾਪਤ ਹੈ ਕਿ ਉਸ ਕੋਲ ਆਰਥਕ ਕਾਰਨਾਂ ਅਤੇ ਰਾਜਨੀਤਕ ਅਸਰਾਂ ਵਿਚਕਾਰ ਅੰਤਰ-ਸੰਬੰਧਾਂ ਬਾਰੇ ਸਪੱਸ਼ਟ ਸੂਝ ਹੈ ਅਤੇ ਉਸ ਨੇ ਬੜਾ ਚਿਰ ਪਹਿਲਾਂ ਵੱਡੇ ਜ਼ਿਮੀਂਦਾਰਾਂ ਦੀ ਬਗਲ ਵਿੱਚ ਛੁਰੀ ਤੇ ਮੂੰਹ ਉੱਤੇ ਰਾਮ ਰਾਮ ਬਾਰੇ ਦੱਸ ਦਿੱਤਾ ਸੀ, ਜਿਹੜਾ ਵੱਡਾ ਜ਼ਿਮੀਂਦਾਰ ਕਿਸਾਨਾਂ ਦਾ ਮਿੱਤਰ ਬਣਿਆ ਫਿਰਦਾ ਹੈ, ਕੀ ਇਹ ਪਾਰਟੀ ਤਬਾਹੀ ਦੇ ਮੂੰਹ ਜਾ ਰਹੇ ਕਿਸਾਨ ਨੂੰ ਚੁੱਪ ਚਾਪ ਉਹਦੇ ਝੂਠੇ ਰੱਖਿਅਕਾਂ ਦੇ ਹੱਥਾਂ ਵਿੱਚ ਛੱਡ ਦੇਵੇ, ਤਾਂ ਜੋ ਉਹਨੂੰ ਸਨਅਤੀ ਮਜ਼ਦੂਰਾਂ ਦੇ ਗ਼ੈਰ-ਸਰਗਰਮ ਵਿਰੋਧੀ ਤੋਂ ਸਰਗਰਮੀ ਵਿਰੋਧੀ ਬਣਾ ਦਿੱਤਾ ਜਾਵੇ? ਇਹ ਗੱਲ ਸਾਨੂੰ ਹੁਣ ਕਿਸਾਨੀ ਸਵਾਲ ਦੇ ਐਨ ਵਿਚਕਾਰ ਲੈ ਆਈ ਹੈ।

## I

ਉਸ ਪੇਂਡੂ ਵਸੋਂ ਵਿੱਚ ਜਿਸ ਨੂੰ ਅਸੀਂ ਸੰਬੋਧਨ ਕਰ ਸਕਦੇ ਹਾਂ, ਬਹੁਤ ਹੀ ਵੱਖ ਵੱਖ ਭਾਗ ਸ਼ਾਮਲ ਹਨ ਜੋ ਵੱਖ ਵੱਖ ਖੇਤਰਾਂ ਵਿੱਚ ਬਹੁਤ ਹੀ ਭਿੰਨ ਹਨ।

ਫ਼ਰਾਂਸ ਅਤੇ ਬੈਲਜੀਅਮ ਵਾਂਗ ਜਰਮਨੀ ਦੇ ਪੱਛਮ ਵਿੱਚ ਛੋਟੇ ਮਾਲਕ ਕਿਸਾਨਾਂ ਦੀ ਛੋਟੇ ਪੈਮਾਨੇ ਦੀ ਖੇਤੀ ਪ੍ਰਚੱਲਤ ਹੈ ਜਿਨ੍ਹਾਂ ਦੀ ਬਹੁਗਿਣਤੀ ਮਾਲਕ ਹੈ ਤੇ ਜਿਨ੍ਹਾਂ ਦੀ ਘੱਟ ਗਿਣਤੀ ਜ਼ਮੀਨ ਦੇ ਟੁਕੜੇ ਲਗਾਨ ਉੱਤੇ ਦੇ ਦਿੰਦੀ ਹੈ।

ਉੱਤਰ-ਪੱਛਮ ਵਿੱਚ— ਲੋਅਰ ਸੈਕਸਨੀ ਅਤੇ ਸ਼ਲੇਸਵਿਗ-ਹੋਲਸਟੀਨ ਵਿੱਚ— ਵੱਡੇ ਤੇ ਦਰਮਿਆਨੇ ਕਿਸਾਨ ਪ੍ਰਮੁੱਖ ਹਨ ਜੋ ਖੇਤੀ ਕਰਨ ਵਾਲੇ ਮਰਦ ਅਤੇ ਇਸਤਰੀ ਨੌਕਰਾਂ ਤੋਂ ਬਿਨਾਂ ਤੇ ਦਿਹਾੜੀਦਾਰਾਂ ਤੋਂ ਬਿਨਾਂ ਵੀ ਗੁਜ਼ਾਰਾ ਨਹੀਂ ਕਰ ਸਕਦੇ। ਇਹੋ ਗੱਲ ਬਾਵੇਰੀਆ ਦੇ ਇੱਕ ਹਿੱਸੇ ਬਾਰੇ ਸੱਚ ਹੈ।

ਐਲਬ ਦੇ ਪੂਰਬ ਦੇ ਪ੍ਰਸ਼ੀਆ ਵਿੱਚ ਅਤੇ ਮੈਨਲੇਬਰਗ ਵਿੱਚ ਸਾਨੂੰ ਵੱਡੀਆਂ ਜ਼ਮੀਨੀ ਜਾਇਦਾਦਾਂ ਤੇ ਖੇਤ ਮਜ਼ਦੂਰਾਂ, ਚਾਕਰਾਂ ਅਤੇ ਦਿਹਾੜੀਦਾਰਾਂ ਨਾਲ਼ ਵੱਡੇ ਪੱਧਰ ਦੀ ਖੇਤੀ ਮਿਲਦੀ ਹੈ ਅਤੇ ਇਹਦੇ ਵਿਚਾਲੇ ਮੁਕਾਬਲਤਨ ਗ਼ੈਰ-ਜ਼ਰੂਰੀ ਤੇ ਇਕਸਾਰ ਘਟਦੀ ਜਾ ਰਹੀ ਨਿਸਬਤ ਵਿੱਚ ਛੋਟੇ ਅਤੇ ਦਰਮਿਆਨੇ ਕਿਸਾਨ ਮਿਲ਼ਦੇ ਹਨ।

ਕੇਂਦਰੀ ਜਰਮਨੀ ਵਿੱਚ ਪੈਦਾਵਾਰ ਤੇ ਮਾਲਕੀ ਦੇ ਇਹ ਸਾਰੇ ਰੂਪ ਵੱਖ ਵੱਖ ਨਿਸਬਤ ਵਿੱਚ ਰਲੇ-ਮਿਲੇ ਲੱਭਦੇ ਹਨ ਜਿਹੜੀ ਗੱਲ ਕਿ ਕਿਸੇ ਥਾਂ ਉੱਤੇ ਸਥਿੱਤ

ਹੋਣ ਉੱਤੇ ਨਿਰਭਰ ਕਰਦੀ ਹੈ ਅਤੇ ਜਿਸ ਵਿੱਚ ਕਿਸੇ ਵੀ ਵੱਡੇ ਇਲਾਕੇ ਵਿੱਚ ਕਿਸੇ ਖ਼ਾਸ ਰੂਪ ਦਾ ਪੱਕਾ ਬੋਲਬਾਲਾ ਨਹੀਂ ਹੈ।

ਇਸ ਤੋਂ ਇਲਾਵਾ ਵੱਖ ਵੱਖ ਪੱਧਰ ਦੇ ਅਜਿਹੇ ਇਲਾਕੇ ਹਨ ਜਿੱਥੇ ਵਾਹੀਯੋਗ ਜ਼ਮੀਨ, ਭਾਵੇਂ ਉਹ ਉਹਦੀ ਆਪਣੀ ਮਲਕੀਅਤ ਹੋਵੇ ਜਾਂ ਲਗਾਨ ਉੱਤੇ ਲਈ ਹੋਵੇ, ਟੱਬਰ ਦਾ ਪੇਟ ਭਰਨ ਲਈ ਕਾਫ਼ੀ ਨਹੀਂ, ਪਰ ਕੇਵਲ ਘਰੇਲੂ ਸਨਅਤ ਚਾਲੂ ਕਰਨ ਦਾ ਕੰਮ ਹੀ ਦੇ ਸਕਦੀ ਹੈ ਅਤੇ ਜੋ ਸਨਅਤ ਨੂੰ ਨਿਗੂਣੇ ਰੂਪ ਵਿੱਚ ਘੱਟ ਉਜਰਤਾਂ ਅਦਾ ਕਰਨ ਦੇ ਸਮਰਥ ਬਣਾਉਂਦੀ ਹੈ ਜਿਹੜੀਆਂ ਉਜਰਤਾਂ ਸਮੁੱਚੇ ਬਦੇਸੀ ਮੁਕਾਬਲੇ ਦੇ ਬਾਵਜੂਦ ਉਹਦੀਆਂ ਚੀਜ਼ਾਂ ਦੀ ਇਕਸਾਰ ਵੇਚ ਨੂੰ ਯਕੀਨੀ ਬਣਾਉਂਦੀਆਂ ਹਨ।

ਪੇਂਡੂ ਵਸੋਂ ਦੀਆਂ ਇਹਨਾਂ ਉੱਪ-ਵੰਡਾਂ ਵਿੱਚੋਂ ਸੋਸ਼ਲ-ਡੈਮੋਕਰੈਟਿਕ ਪਾਰਟੀ ਕੀਹਨੂੰ ਆਪਣੇ ਪੱਖ ਵਿੱਚ ਜਿੱਤ ਸਕਦੀ ਹੈ? ਨਿਰਸੰਦੇਹ, ਅਸੀਂ ਇਸ ਸਵਾਲ ਦੀ ਘੋਖ ਕੇਵਲ ਮੋਟੇ ਤੌਰ ਤੇ ਹੀ ਕਰਦੇ ਹਾਂ; ਅਸੀਂ ਕੇਵਲ ਸਪੱਸ਼ਟ ਰੂਪਾਂ ਉੱਤੇ ਹੀ ਉਂਗਲ ਧਰਦੇ ਹਾਂ, ਸਾਡੇ ਕੋਲ ਦਰਮਿਆਨੇ ਪੜਾਵਾਂ ਅਤੇ ਮਿੱਸੀਆਂ ਪੇਂਡੂ ਆਬਾਦੀਆਂ ਉੱਤੇ ਵਿਚਾਰ ਕਰਨ ਲਈ ਥਾਂ ਦੀ ਘਾਟ ਹੈ।

ਆਉ, ਅਸੀਂ ਛੋਟੇ ਕਿਸਾਨਾਂ ਤੋਂ ਹੀ ਸ਼ੁਰੂ ਕਰੀਏ। ਆਮ ਤੌਰ ਤੇ ਪੱਛਮੀ ਯੂਰਪ ਲਈ ਸਮੁੱਚੇ ਕਿਸਾਨਾਂ ਵਿੱਚੋਂ ਕੇਵਲ ਉਹ ਸਭ ਤੋਂ ਵੱਧ ਅਹਿਮ ਹੀ ਨਹੀਂ, ਸਗੋਂ ਅਜਿਹਾ ਨਿਰਣਈ ਮਾਮਲਾ ਵੀ ਹੈ ਜੋ ਸਮੁੱਚੇ ਸਵਾਲ ਨੂੰ ਹੱਲ ਕਰ ਦਿੰਦਾ ਹੈ। ਇੱਕ ਵਾਰ ਜੇ ਅਸੀਂ ਆਪਣੇ ਦਿਮਾਗ਼ਾਂ ਵਿੱਚ ਛੋਟੇ ਕਿਸਾਨ ਵੱਲ ਰਵੱਈਆ ਸ਼ਪੱਸ਼ਟ ਕਰ ਲਈਏ ਤਾਂ ਪੇਂਡੂ ਵਸੋਂ ਵਿੱਚ ਸ਼ਾਮਲ ਦੂਜੇ ਭਾਗਾਂ ਸੰਬੰਧੀ ਸਾਡਾ ਸਟੈਂਡ ਮਿੱਥਣ ਲਈ ਸਾਡੇ ਕੋਲ ਸਮੁੱਚੇ ਅੰਕੜੇ ਹੋ ਜਾਂਦੇ ਹਨ।

ਛੋਟੇ ਕਿਸਾਨ ਤੋਂ ਸਾਡਾ ਭਾਵ ਇੱਥੇ ਅਜਿਹੇ ਮਾਲਕਾਂ ਜਾਂ ਮੁਜ਼ਾਰੇ ਤੋਂ— ਖ਼ਾਸ ਕਰ ਕੇ ਮਾਲਕ ਤੋਂ— ਹੈ ਜਿਸ ਕੋਲ ਆਮ ਤੌਰ ਤੇ ਜ਼ਮੀਨ ਦਾ ਇਸ ਨਾਲੋਂ ਵੱਡਾ ਟੁਕੜਾ ਨਾ ਹੋਵੇ ਜਿੰਨਾ ਕੁ ਉਹ ਤੇ ਉਹਦਾ ਟੱਬਰ ਵਾਹ ਸਕਣ ਅਤੇ ਇਸ ਨਾਲੋਂ ਛੋਟਾ ਵੀ ਨਾ ਹੋਵੇ ਜਿਹੜਾ ਟੱਬਰ ਨੂੰ ਪਾਲ ਹੀ ਨਾ ਸਕੇ। ਛੋਟੇ ਦਸਤਕਾਰ ਵਾਂਗ ਇਹ ਛੋਟਾ ਕਿਸਾਨ ਵੀ ਇਸੇ ਲਈ ਇੱਕ ਕਿਰਤੀ ਹੈ ਜੋ ਆਧੁਨਿਕ ਪ੍ਰੋਲੇਤਾਰੀ ਨਾਲ਼ੋਂ ਕੇਵਲ ਇਸ ਗੱਲ ਵਿੱਚ ਹੀ ਵੱਖਰਾ ਹੈ ਕਿ ਉਹਦੇ ਕੋਲ ਅਜੇ ਤੱਕ ਆਪਣੀ ਮਿਹਨਤ ਦੇ ਸਾਧਨ ਮੌਜੂਦ ਹਨ; ਇਸੇ ਲਈ ਉਹ ਪੈਦਾਵਾਰ ਦੇ ਬੀਤ ਚੁੱਕੇ ਢੰਗ ਦੀ ਰਹਿੰਦ-ਖੂੰਹਦ ਹੈ। ਉਸ ਵਿੱਚ ਤੇ ਉਹਦੇ ਵੱਡ-ਵਡੇਰਿਆਂ ਵਿੱਚ ਜਿਹੜਾ ਵਗਾਰੀ, ਗ਼ੁਲਾਮ ਜਾਂ ਬਹੁਤ ਅਸਾਧਾਰਨ ਮਾਮਲੇ ਵਿੱਚ, ਆਜ਼ਾਦ ਕਿਸਾਨ ਹੁੰਦਾ ਸੀ ਜਿਸ ਕੋਲੋਂ ਲਗਾਨ ਅਤੇ ਜਾਗੀਰੂ ਸੇਵਾਵਾਂ ਲਈਆਂ ਜਾਂਦੀਆਂ ਸਨ, ਤਿੱਗਣਾ ਫ਼ਰਕ ਹੈ।

ਪਹਿਲਾਂ, ਇਹ ਕਿ ਫ਼ਰਾਂਸੀਸੀ ਇਨਕਲਾਬ ਨੇ ਇਹਨੂੰ ਜਾਗੀਰੂ ਸੇਵਾਵਾਂ ਤੇ ਛੱਟਾਂ ਤੋਂ ਜੋ ਉਹਨੇ ਜ਼ਿਮੀਂਦਾਰ ਨੂੰ ਦੇਣੀਆਂ ਸਨ, ਮੁਕਤ ਕਰ ਦਿੱਤਾ ਸੀ ਅਤੇ ਘੱਟੋ ਘੱਟ ਰ੍ਹਾਈਨ ਦੇ ਖੱਬੇ ਕੰਢੇ ਉੱਤੇ ਉਹਦਾ ਕਿਸਾਨੀ ਫ਼ਾਰਮ ਉਹਦੀ ਆਪਣੀ ਆਜ਼ਾਦ ਜਾਇਦਾਦ ਵਜੋਂ ਉਹਨੂੰ ਸੌਂਪ ਦਿੱਤਾ ਗਿਆ ਸੀ। ਦੂਜਾ ਇਹ ਕਿ ਉਹਨੇ ਸਵੈ-ਸਾਸ਼ਨ ਚਲਾਉਣ ਵਾਲੇ ਮਾਰਕ ਭਾਈਚਾਰੇ ਦੀ ਰਾਖੀ ਤੇ ਉਸ ਵਿੱਚ ਭਿਆਲੀ ਹੱਥੋਂ ਗੁਆ ਲਈ ਸੀ ਅਤੇ ਇਸ ਕਰਕੇ ਸਾਬਕਾ ਸਾਂਝੇ ਮਾਰਕ ਦੀਆਂ ਕਮਾਈਆਂ ਵਿੱਚ ਉਹਦਾ ਹਿੱਸਾ ਖੁੱਸ ਗਿਆ ਸੀ। ਸਾਂਝੇ ਮਾਰਕ ਨੂੰ ਅੰਸ਼ਕ ਰੂਪ ਵਿੱਚ ਸਾਬਕਾ ਜਾਗੀਰਦਾਰ ਤੇ ਅੰਸ਼ਕ ਰੂਪ ਵਿੱਚ ਰੋਮਨ ਕਾਨੂੰਨ ਦੇ ਨਮੂਨੇ ਉੱਤੇ ਬਣਾਇਆ ਰੋਸ਼ਨ ਖ਼ਿਆਲ ਅਫ਼ਸਰਸ਼ਾਹੀ ਕਾਨੂੰਨ ਹਥਿਆ ਕੇ ਲੈ ਗਏ ਸਨ। ਇਹ ਗੱਲ ਆਧੁਨਿਕ ਸਮਿਆਂ ਦੇ ਛੋਟੇ ਕਿਸਾਨ ਨੂੰ ਚਾਰਾ ਖ਼ਰੀਦੇ ਬਿਨਾਂ ਉਹਦੇ ਖੇਤੀ ਦੇ ਪਸ਼ੂਆਂ ਦਾ ਢਿੱਡ ਭਰਨ ਦੀ ਸੰਭਾਵਨਾ ਤੋਂ ਵਾਂਝਿਆਂ ਕਰਦੀ ਹੈ। ਪਰ ਆਰਥਕ ਰੂਪ ਵਿੱਚ, ਮਾਰਕ ਤੋਂ ਮਿਲਦੀ ਕਮਾਈ ਦਾ ਨੁਕਸਾਨ ਜਾਗੀਰੂ ਸੇਵਾਵਾਂ ਦੇ ਖ਼ਾਤਮੇ ਕਾਰਨ ਮਿਲਣ ਵਾਲੇ ਆਰਥਕ ਲਾਭਾਂ ਤੋਂ ਕਿਤੇ ਜ਼ਿਆਦਾ ਹੈ। ਖ਼ੁਦ ਆਪਣੇ ਖੇਤੀ ਦੇ ਪਸ਼ੂ ਰੱਖਣੋਂ ਅਸਮਰਥ ਕਿਸਾਨਾਂ ਦੀ ਗਿਣਤੀ ਸਹਿਜੇ ਸਹਿਜੇ ਵਧਦੀ ਜਾ ਰਹੀ ਹੈ। ਤੀਜਾ ਇਹ ਕਿ ਅਜੋਕੇ ਕਿਸਾਨ ਨੇ ਆਪਣੀ ਸਾਬਕਾ ਉਪਜਾਊ ਸਰਗਰਮੀ ਦਾ ਅੱਧਾ ਹਿੱਸਾ ਗੁਆ ਲਿਆ ਹੈ। ਪਹਿਲਾਂ ਉਹ ਤੇ ਉਹਦਾ ਟੱਬਰ ਕੱਚੇ ਮਾਲ ਤੋਂ ਜਿਹੜਾ ਉਹਨੇ ਆਪ ਹੀ ਬਣਾਇਆ ਸੀ, ਆਪਣੀ ਲੋੜ ਦੀਆਂ ਸਨਅਤੀ ਚੀਜ਼ਾਂ ਦਾ ਵਡੇਰਾ ਭਾਗ ਪੈਦਾ ਕਰ ਲੈਂਦੇ ਸਨ; ਉਹਦੀ ਲੋੜ ਦਾ ਬਾਕੀ ਸਮਾਨ ਪਿੰਡ ਦੇ ਉਹ ਗੁਆਂਢੀ ਸਪਲਾਈ ਕਰਦੇ ਸਨ ਜੋ ਖੇਤੀ ਦੇ ਨਾਲ਼ ਨਾਲ਼ ਵਪਾਰ ਦਾ ਕੰਮ ਵੀ ਚਲਾਉਂਦੇ ਸਨ ਅਤੇ ਬਹੁਤਾ ਕਰਕੇ ਉਹਨਾਂ ਨੂੰ ਅਦਾਇਗੀ ਵਟਾਂਦਰੇ ਵਿੱਚ ਦਿੱਤੀਆਂ ਚੀਜ਼ਾਂ ਦੇ ਰੂਪ ਵਿੱਚ ਜਾਂ ਪ੍ਰਸਪਰ ਸੇਵਾਵਾਂ ਦੇ ਰੂਪ ਵਿੱਚ ਕੀਤੀ ਜਾਂਦੀ ਸੀ। ਟੱਬਰ ਤੇ ਉਸ ਤੋਂ ਵੀ ਅੱਗੇ ਪਿੰਡ ਸਵੈ-ਨਿਰਭਰ ਹੁੰਦਾ ਸੀ, ਆਪਣੀ ਲੋੜ ਦੀ ਲਗਭਗ ਹਰ ਚੀਜ਼ ਪੈਦਾ ਕਰਦਾ ਸੀ। ਇਹ ਲਗਭਗ ਬਿਨਾਂ ਕਿਸੇ ਮਿਲਾਵਟ ਦੇ ਕੁਦਰਤੀ ਆਰਥਕਤਾ ਸੀ; ਮੁਦਰਾ ਦੀ ਲਗਭਗ ਕੋਈ ਲੋੜ ਨਹੀਂ ਸੀ ਪੈਂਦੀ। ਪੂੰਜੀਵਾਦੀ ਪੈਦਾਵਾਰ ਨੇ ਆਪਣੀ ਧਨ ਉੱਤੇ ਅਧਾਰਤ ਆਰਥਕਤਾ ਅਤੇ ਵੱਡੇ ਪੱਧਰ ਦੀ ਸਨਅਤ ਰਾਹੀਂ ਇਹਦਾ ਭੋਗ ਪਾ ਦਿੱਤਾ। ਪਰ ਜੇ ਕਰ ਮਾਰਕ ਤੋਂ ਮਿਲਣ ਵਾਲੀਆਂ ਕਮਾਈਆਂ ਉਹਦੀ ਹੋਂਦ ਦੀਆਂ ਬੁਨਿਆਦੀ ਹਾਲਤਾਂ ਵਿੱਚੋਂ ਇੱਕ ਦੀ ਪ੍ਰਤੀਨਿਧਤਾ ਕਰਦੀਆਂ ਸਨ ਤਾਂ ਉਹਦਾ ਸਨਅਤੀ ਪੱਖ ਇੱਕ ਦੂਜੀ ਲਾਈਨ ਸੀ। ਇਸ ਤਰ੍ਹਾਂ ਕਿਸਾਨ ਹੇਠਾਂ ਹੀ ਹੇਠਾਂ ਨਿੱਘਰਦਾ ਜਾਂਦਾ ਹੈ। ਟੈਕਸ, ਫ਼ਸਲਾਂ ਦਾ ਨਾ ਹੋਣਾ, ਵਿਰਾਸਤ ਦੀਆਂ ਵੰਡਾਂ ਅਤੇ ਮੁਕੱਦਮੇਬਾਜ਼ੀ ਇੱਕ ਤੋਂ ਮਗਰੋਂ ਦੂਜੇ ਕਿਸਾਨ ਨੂੰ ਸੂਦਖ਼ੋਰ ਕੋਲ ਧੱਕੀ ਜਾਂਦੇ ਹਨ;

ਕਰਜ਼ਦਾਰੀ ਵਧੇਰੇ ਹੀ ਵਧੇਰੇ ਆਮ ਹੁੰਦੀ ਜਾਂਦੀ ਹੈ ਅਤੇ ਹਰ ਮਾਮਲੇ ਵਿੱਚ ਇਕਸਾਰ ਵਧਦੀ ਜਾ ਰਹੀ ਹੈ– ਗੱਲ ਕੀ, ਸਾਡਾ ਛੋਟਾ ਕਿਸਾਨ; ਪੈਦਾਵਾਰ ਦੇ ਬੀਤੇ ਢੰਗ ਦੀ ਹਰੇਕ ਦੂਜੀ ਰਹਿੰਦ-ਖੂੰਹਦ ਵਾਂਗ, ਬਹੁਤ ਹੀ ਮੰਦੀ ਹਾਲਤ ਦਾ ਭਾਗੀ ਹੈ। ਉਹ ਭਵਿੱਖ ਦਾ ਪ੍ਰੋਲੇਤਾਰੀ ਹੈ।

ਇਸ ਲਈ ਉਹਨੂੰ ਸਮਾਜਵਾਦੀ ਪ੍ਰਚਾਰ ਸੁਣਨ ਲਈ ਤਿਆਰ ਹੋਣਾ ਚਾਹੀਦਾ ਹੈ। ਪਰ ਡੂੰਘੀਆਂ ਜੜ੍ਹਾਂ ਫੜ ਚੁੱਕੀ ਜਾਇਦਾਦ ਦੀ ਭਾਵਨਾ ਉਹਨੂੰ ਕੁੱਝ ਸਮੇਂ ਲਈ ਇਉਂ ਕਰਨ ਤੋਂ ਰੋਕਦੀ ਹੈ। ਆਪਣੀ ਜ਼ਮੀਨ ਦੇ ਖ਼ਤਰੇ ਵਿੱਚ ਪਏ ਟੁਕੜੇ ਨੂੰ ਬਚਾਉਣਾ ਉਹਦੇ ਲਈ ਜਿੰਨਾ ਮੁਸ਼ਕਲ ਹੁੰਦਾ ਜਾਂਦਾ ਹੈ, ਉੱਨਾ ਹੀ ਵਧੇਰੇ ਜ਼ੋਰ ਨਾਲ਼ ਉਹ ਇਸ ਨਾਲ਼ ਚਿੰਬੜਦਾ ਜਾਂਦਾ ਹੈ ਅਤੇ ਉਹ ਉਨਾਂ ਹੀ ਵਧੇਰੇ ਸੋਸ਼ਲ ਡੈਮੋਕਰੇਟਾਂ ਨੂੰ ਜਿਹੜੇ ਜ਼ਮੀਨੀ ਜਾਇਦਾਦ ਸਮੁੱਚੇ ਸਮਾਜ ਨੂੰ ਦੇ ਦੇਣ ਦੀ ਗੱਲ ਕਰਦੇ ਹਨ, ਸੂਦਖ਼ੋਰ ਤੇ ਵਕੀਲ ਵਰਗਾ ਖ਼ਤਰਨਾਕ ਦੁਸ਼ਮਣ ਸਮਝਦਾ ਹੈ। ਇਸ ਤੁਅਸਬ ਉੱਤੇ ਸੋਸ਼ਲ-ਡੈਮੋਕਰੇਸੀ ਕਿਵੇਂ ਕਾਬੂ ਪਾਵੇ? ਉਹ ਆਪਣੇ ਆਪ ਤੋਂ ਝੂਠਾ ਪਏ ਬਿਨਾਂ, ਮੰਦਹਾਲੀ ਦੇ ਵੱਸ ਪਏ ਛੋਟੇ ਕਿਸਾਨ ਨੂੰ ਕੀ ਪੇਸ਼ ਕਰ ਸਕਦੀ ਹੈ?

ਇੱਥੇ ਸਾਨੂੰ ਮਾਰਕਸੀ ਰੁਝਾਨ ਦੇ ਫ਼ਰਾਂਸੀਸੀ ਸੋਸ਼ਲਿਸਟਾਂ ਦੇ ਪਹਿਲੇ ਜ਼ਰੱਈ ਪ੍ਰੋਗਰਾਮ ਵਿੱਚ ਮੱਦਦ ਦਾ ਅਮਲੀ ਨੁਕਤਾ ਮਿਲਦਾ ਹੈ, ਪ੍ਰੋਗਰਾਮ ਜਿਹੜਾ ਵਧੇਰੇ ਧਿਆਨਯੋਗ ਇਸ ਕਰਕੇ ਹੈ ਕਿ ਇਹ ਛੋਟੇ ਕਿਸਾਨ ਵਾਲੀ ਆਰਥਕਤਾ ਦੀ ਕਲਾਸਕੀ ਧਰਤੀ ਤੋਂ ਆਇਆ ਹੈ।

1892 ਦੀ ਮਾਰਸੇਲਜ਼ ਕਾਂਗਰਸ ਨੇ ਪਾਰਟੀ ਦਾ ਪਹਿਲਾ ਜ਼ਰੱਈ ਪ੍ਰੋਗਰਾਮ ਪਾਸ ਕੀਤਾ। ਇਹ ਜਾਇਦਾਦ ਰਹਿਤ ਪੇਂਡੂ ਮਜ਼ਦੂਰਾਂ ਲਈ (ਭਾਵ ਦਿਹਾੜੀਦਾਰਾਂ ਤੇ ਖੇਤ ਮਜ਼ਦੂਰਾਂ ਲਈ ਮੰਗ ਕਰਦਾ ਹੈ: ਟਰੇਡ ਯੂਨੀਅਨ ਤੇ ਕਮਿਊਨਿਟੀ ਕੌਂਸਲਾਂ ਵੱਲੋਂ ਨਿਸ਼ਚਿਤ ਕੀਤੀਆਂ ਘੱਟੋ ਘੱਟ ਉਜ਼ਰਤਾਂ; ਪੇਂਡੂ ਟਰੇਡ ਕੋਰਟਾਂ ਜਿਨ੍ਹਾਂ ਵਿੱਚ ਅੱਧੇ ਮਜ਼ਦੂਰ ਸ਼ਾਮਲ ਹੋਣ; ਸ਼ਾਮਲਾਤ ਦੇ ਵੇਚਣ ਉੱਤੇ ਪਾਬੰਦੀ; ਅਤੇ ਸਾਂਝੀ ਜਨਤਕ ਜ਼ਮੀਨ ਅਜਿਹੇ ਭਾਈਚਾਰਿਆਂ ਨੂੰ, ਜਿਨ੍ਹਾਂ ਨੇ ਇਹ ਸਾਰੀ ਜ਼ਮੀਨ ਭਾਵੇਂ ਇਹ ਉਹਨਾਂ ਦੀ ਮਾਲਕੀ ਵਾਲੀ ਹੋਵੇ ਜਾਂ ਲਗਾਨ ਉੱਤੇ ਲਈ ਹੋਵੇ, ਸਾਂਝੀ ਕਾਸ਼ਤ ਲਈ ਖੇਤ ਮਜ਼ਦੂਰਾਂ ਦੇ ਜਾਇਦਾਦ-ਰਹਿਤ ਟੱਬਰਾਂ ਦੀਆਂ ਐਸੋਸੀਏਸ਼ਨਾਂ ਨੂੰ ਇਸ ਸ਼ਰਤ ਉੱਤੇ ਚਕੋਤੇ ਤੇ ਦਿੱਤੀ ਜਾਵੇ ਕਿ ਉਜਰਤੀ ਮਜ਼ਦੂਰਾਂ ਨੂੰ ਨੌਕਰੀ ਦੇਣ ਉੱਤੇ ਪਾਬੰਦੀ ਲਾਈ ਜਾਵੇ ਅਤੇ ਕਿ ਕੰਟਰੋਲ ਭਾਈਚਾਰਿਆਂ ਦਾ ਹੋਵੇ; ਬੁਢਾਪਾ ਪੈਨਸ਼ਨਾਂ ਤੇ ਨਕਾਰਾ ਬੰਦਿਆਂ ਲਈ ਪੈਨਸ਼ਨਾਂ ਹੋਣ ਜੋ ਵੱਡੀਆਂ ਜ਼ਮੀਨੀ ਜਾਇਦਾਦਾਂ ਉੱਤੇ ਵਿਸ਼ੇਸ਼ ਟੈਕਸ ਰਾਹੀਂ ਤਾਰੀਆਂ ਜਾਣਗੀਆਂ।

ਛੋਟੇ ਕਿਸਾਨਾਂ ਲਈ ਜਿਸ ਵਿੱਚ ਮੁਜ਼ਾਰਾ ਕਿਸਾਨਾਂ ਤੇ ਸੀਰੀਆਂ (ਮੇਤਾਧੇਰਸ਼)

ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ, ਭਾਈਚਾਰੇ ਵੱਲੋਂ ਮਸ਼ੀਨਰੀ ਖ਼ਰੀਦ ਜੋ ਕਿਸਾਨਾਂ ਨੂੰ ਲੱਗੇ ਮੁੱਲ ਚਕੋਤੇ ਉੱਤੇ ਦਿੱਤੀ ਜਾਵੇਗੀ; ਖਾਦ, ਨਾਲੀਆਂ ਦੀਆਂ ਪਾਈਪਾਂ, ਬੀਜ ਆਦਿ ਦੀ ਖ਼ਰੀਦ ਲਈ ਅਤੇ ਉਪਜ ਦੀ ਵੇਚ ਲਈ ਕਿਸਾਨ ਸਹਿਕਾਰੀ ਸਭਾਵਾਂ ਦੀ ਸਥਾਪਨਾ; ਅਸਲੀ ਜਾਇਦਾਦ ਦੀ ਬਦਲੀ ਉੱਤੇ ਲੱਗੇ ਟੈਕਸ ਦਾ ਖ਼ਾਤਮਾ ਜੇ ਕਰ ਮੁੱਲ 5000 ਫ਼ਰਾਂਕ ਤੋਂ ਵੱਧ ਨਹੀਂ; ਬਹੁਤ ਉੱਚੇ ਲਗਾਨਾਂ ਨੂੰ ਘੱਟ ਅਤੇ ਛੱਡ ਕੇ ਜਾਣ ਵਾਲੇ ਕਿਸਾਨ ਮੁਜ਼ਾਰਿਆਂ ਤੇ ਸੀਰੀਆਂ (ਮੇਤਾਧਰੇਸ਼) ਨੂੰ ਉਹਨਾਂ ਵੱਲੋਂ ਜ਼ਮੀਨ ਦਾ ਮੁੱਲ ਵਧਾਏ ਜਾਣ ਬਦਲੇ ਮੁਆਵਜ਼ਾ ਦੇਣ ਲਈ ਆਇਰਸ਼ ਨਮੂਨੇ ਉੱਤੇ ਸਾਲਸੀ ਕਮਿਸ਼ਨ; ਜ਼ਾਬਤਾ ਦੀਵਾਨੀ ਦੀ ਧਾਰਾ 2,102 ਦੀ ਮਨਸੂਖ਼ੀ ਜਿਹੜੀ ਧਾਰਾ ਜ਼ਮੀਨਦਾਰ ਨੂੰ ਫ਼ਸਲ ਦੀ ਕੁਰਕੀ ਕਰਨ ਦੀ ਆਗਿਆ ਦਿੰਦੀ ਹੈ, ਅਤੇ ਲਹਿਣੇਦਾਰਾਂ ਵੱਲੋਂ ਫ਼ਸਲਾਂ ਪੈਦਾ ਕਰਨ ਉੱਤੇ ਟੈਕਸ ਲਾਉਣ ਦੇ ਅਧਿਕਾਰ ਦਾ ਖ਼ਾਤਮਾ; ਖੇਤੀ ਦੇ ਸੰਦਾਂ ਦੀ ਤੇ ਫ਼ਸਲ ਦੀ ਨਿਸ਼ਚਿਤ ਮਿਕਦਾਰ ਨੂੰ, ਗੱਲ ਕੀ ਬੀਜ, ਖ਼ਾਦ, ਖੇਤੀ ਦੇ ਪਸ਼ੂਆਂ, ਭਾਵ ਉਸ ਸਾਰੇ ਕੁੱਝ ਨੂੰ ਜੋ ਕਿਸਾਨ ਲਈ ਆਪਣਾ ਕਾਰੋਬਾਰ ਕਰਨ ਲਈ ਜ਼ਰੂਰੀ ਹੈ, ਟੈਕਸ ਤੇ ਕੁਰਕੀ ਤੋਂ ਛੋਟ; ਆਮ ਜਾਮਾਬੰਦੀਆਂ ਉੱਤੇ ਨਜ਼ਰਸਾਨੀ ਜੋ ਲੰਮੇ ਸਮੇਂ ਤੋਂ ਵੇਲਾ-ਵਿਹਾ ਚੁੱਕੀਆਂ ਹਨ ਅਤੇ ਅਜਿਹਾ ਕਰਨ ਤੱਕ ਹਰ ਇੱਕ ਭਾਈਚਾਰੇ ਵਿੱਚ ਮੁਕਾਮੀ ਨਜ਼ਰਸਾਨੀ; ਅੰਤਮ ਗੱਲ, ਖੇਤੀ ਵਿੱਚ ਮੁਫ਼ਤ ਸਿੱਖਿਆ ਅਤੇ ਜ਼ਰਾਇਤੀ ਤਜਰਬਾਤੀ ਕੇਂਦਰ।

ਜਿਵੇਂ ਕਿ ਅਸੀਂ ਵੇਖ ਰਹੇ ਹਾਂ, ਕਿਸਾਨਾਂ ਦੇ ਹਿੱਤਾਂ ਵਿੱਚ ਕੀਤੀਆਂ ਗਈਆਂ ਮੰਗਾਂ— ਮਜ਼ਦੂਰਾਂ ਦੇ ਹਿੱਤਾਂ ਵਿੱਚ ਕੀਤੀਆਂ ਗਈਆਂ ਮੰਗਾਂ ਨਾਲ਼ ਇੱਥੇ ਇਸ ਸਮੇਂ ਸਾਡਾ ਸੰਬੰਧ ਨਹੀਂ—ਕੋਈ ਬਹੁਤ ਜ਼ਿਆਦਾ ਦੂਰ-ਰਸ ਨਹੀਂ ਹਨ। ਉਹਨਾਂ ਦੇ ਇੱਕ ਹਿੱਸੇ ਦੀ ਕਿਸੇ ਹੋਰ ਥਾਂ ਉੱਤੇ ਪ੍ਰਾਪਤੀ ਕੀਤੀ ਵੀ ਜਾ ਚੁੱਕੀ ਹੈ। ਮੁਜ਼ਾਰਿਆਂ ਦੀਆਂ ਸਾਲਸੀ ਅਦਾਲਤਾਂ ਲਿਖਤੀ ਹੋਣ ਕਰਕੇ ਆਇਰਿਸ਼ ਨਮੂਨੇ ਉੱਤੇ ਤੁਰਦੀਆਂ ਹਨ। ਕਿਸਾਨਾਂ ਦੀਆਂ ਸਹਿਕਾਰੀ ਸਭਾਵਾਂ ਰ੍ਹਾਈਨ ਦੇ ਸੂਬਿਆਂ ਵਿੱਚ ਹੋਂਦ ਵਿੱਚ ਆ ਚੁੱਕੀਆਂ ਹਨ। ਜਾਮਾਬੰਦੀਆਂ ਦੀ ਨਜ਼ਰਸਾਨੀ ਕਰਨਾ ਸਮੁੱਚੇ ਯੂਰਪ ਦੇ ਲਿਬਰਲਾਂ ਤੇ ਇੱਥੋਂ ਤੱਕ ਕਿ ਅਫ਼ਸਰਸ਼ਾਹਾਂ ਦੀ ਲਗਾਤਾਰ ਨੇਕ ਖ਼ਾਹਿਸ਼ ਰਹੀ ਹੈ। ਦੂਜੇ ਨੁਕਤਿਆਂ ਨੂੰ ਵੀ ਵਰਤਮਾਨ ਪੂੰਜੀਵਾਦੀ ਪ੍ਰਬੰਧ ਨੂੰ ਕੋਈ ਨਿੱਗਰ ਨੁਕਸਾਨ ਪਚਾਏ ਬਿਨਾਂ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਪ੍ਰੋਗਰਾਮ ਦੇ ਖ਼ਾਸੇ ਬਾਰੇ ਬੱਸ ਇੰਨਾ ਹੀ ਕਾਫ਼ੀ ਹੈ। ਇਸ ਵਿੱਚ ਮਲਾਮਤ ਕਰਨ ਦਾ ਕੋਈ ਇਰਾਦਾ ਨਹੀਂ; ਸਗੋਂ ਗੱਲ ਇਹਦੇ ਉਲਟ ਹੈ।

ਪਾਰਟੀ ਨੇ ਫ਼ਰਾਂਸ ਦੇ ਬਹੁਤ ਹੀ ਵੱਖ ਵੱਖ ਭਾਗਾਂ ਵਿੱਚ ਇਸ ਪ੍ਰੋਗਰਾਮ ਨਾਲ਼ ਕਿਸਾਨਾਂ ਵਿੱਚ ਇੰਨਾ ਚੰਗਾ ਕੰਮ-ਕਾਜ ਕੀਤਾ ਕਿ—ਕਿਉਂਕਿ ਭੁੱਖ ਖਾਣ

ਨਾਲ਼ ਚਮਕਦੀ ਹੈ— ਇਹ ਇੱਛਾ ਪੈਦਾ ਹੋਈ ਕਿ ਇਹਨੂੰ ਉਹਨਾਂ ਦੀ ਰੁਚੀ ਦੇ ਹੋਰ ਵੀ ਅਨੁਕੂਲ ਬਣਾਇਆ ਜਾਵੇ। ਪਰ ਇਹ ਮਹਿਸੂਸ ਕੀਤਾ ਗਿਆ ਕਿ ਇਹ ਤਾਂ ਬੜੇ ਖ਼ਤਰਨਾਕ ਰਾਹ ਉੱਤੇ ਚੱਲਣਾ ਹੋਵੇਗਾ। ਆਮ ਸਮਾਜਵਾਦੀ ਪ੍ਰੋਗਰਾਮ ਦੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਕੀਤੇ ਬਿਨਾਂ ਕਿਸਾਨ ਦੀ ਮੱਦਦ ਕਿਵੇਂ ਕੀਤੀ ਜਾਵੇ, ਕਿਸਾਨ ਜੋ ਭਵਿੱਖ ਦੇ ਪ੍ਰੋਲੇਤਾਰੀ ਵਜੋਂ ਨਹੀਂ, ਸਗੋਂ ਜਾਇਦਾਦ ਦੇ ਇਸ ਸਮੇਂ ਦੇ ਮਾਲਕ ਵਜੋਂ ਸਮਝਿਆ ਜਾਣਾ ਚਾਹੀਦਾ ਹੈ? ਇਸ ਇਤਰਾਜ਼ ਨੂੰ ਦੂਰ ਕਰਨ ਲਈ ਨਵੇਂ ਅਮਲੀ ਸੁਝਾਵਾਂ ਤੋਂ ਪਹਿਲਾਂ ਸਿਧਾਂਤਕ ਮੁਖਬੰਧ ਪੇਸ਼ ਕੀਤਾ ਗਿਆ ਜੋ ਇਹ ਸਿੱਧ ਕਰਨ ਦਾ ਜਤਨ ਕਰਦਾ ਹੈ ਕਿ ਪੈਦਾਵਾਰ ਦੇ ਪੂੰਜੀਵਾਦੀ ਢੰਗ ਹੱਥੋਂ ਛੋਟੇ ਕਿਸਾਨ ਦੀ ਜਾਇਦਾਦ ਨੂੰ ਤਬਾਹੀ ਤੋਂ ਬਚਾਉਣਾ ਸਮਾਜਵਾਦ ਦੇ ਅਸੂਲਾਂ ਦੇ ਅਨੁਸਾਰ ਹੈ ਭਾਵੇਂ ਕਿ ਇਸ ਗੱਲ ਬਾਰੇ ਵੀ ਪੂਰੀ ਚੇਤੰਨਤਾ ਹੈ ਕਿ ਇਹ ਤਬਾਹੀ ਅਟੱਲ ਹੈ। ਆਓ, ਹੁਣ ਅਸੀਂ ਇਸ ਮੁਖਬੰਧ ਨੂੰ ਅਤੇ ਖ਼ੁਦ ਮੰਗਾਂ ਨੂੰ ਵਧੇਰੇ ਨੀਝ ਨਾਲ਼ ਘੋਖੀਏ ਜੋ ਇਸ ਸਾਲ ਸਤੰਬਰ ਵਿੱਚ ਨਾਨਤੇਸ ਕਾਂਗਰਸ ਵੱਲੋਂ ਪਾਸ ਕੀਤੇ ਗਏ।

ਮੁਖਬੰਧ ਹੇਠਾਂ ਦੱਸੇ ਅਨੁਸਾਰ ਸ਼ੁਰੂ ਹੁੰਦਾ ਹੈ :

"ਜਦੋਂ ਕਿ ਪਾਰਟੀ ਦੇ ਆਮ ਪ੍ਰੋਗਰਾਮ ਦੇ ਸ਼ਬਦਾਂ ਅਨੁਸਾਰ ਉਤਪਾਦਕ ਕੇਵਲ ਤਦ ਹੀ ਆਜ਼ਾਦ ਹੋ ਸਕਦੇ ਹਨ ਜੇਕਰ ਪੈਦਾਵਾਰ ਦੇ ਸਾਧਨਾਂ ਉੱਤੇ ਉਹਨਾਂ ਦੀ ਮਲਕੀਅਤ ਹੋਵੇ; "

"ਜਦੋਂ ਕਿ ਸਨਅਤ ਦੇ ਖੇਤਰ ਵਿੱਚ ਪੈਦਾਵਾਰ ਦੇ ਇਹ ਸਾਧਨ ਪੂੰਜੀਵਾਦੀ ਕੇਂਦਰੀਕਰਣ ਦੇ ਅਜਿਹੇ ਪੱਧਰ ਤੱਕ ਪੁੱਜ ਚੁੱਕੇ ਹਨ ਕਿ ਉਹ ਉਤਪਾਦਕਾਂ ਕੋਲ ਕੇਵਲ ਸਮੂਹਕ ਜਾਂ ਸਮਾਜਕ ਰੂਪ ਵਿੱਚ ਹੀ ਬਹਾਲ ਕੀਤੇ ਜਾ ਸਕਦੇ ਹਨ, ਪਰ ਜ਼ਰਾਇਤ ਦੇ ਖੇਤਰ ਵਿੱਚ—ਘੱਟੋ ਘੱਟ ਅਜੋਕੇ ਫ਼ਰਾਂਸ ਵਿੱਚ— ਇਹ ਮਾਮਲਾ ਕਿਸੇ ਤਰ੍ਹਾਂ ਵੀ ਨਹੀਂ ਹੈ, ਪੈਦਾਵਾਰ ਦੇ ਸਾਧਨ, ਭਾਵ ਜ਼ਮੀਨ ਬਹੁਤ ਸਾਰੀਆਂ ਥਾਵਾਂ ਉੱਤੇ ਅਜੇ ਤੱਕ ਉਹਨਾਂ ਦੀ ਵਿਅਕਤੀਗਤ ਮਲਕੀਅਤ ਵਜੋਂ ਖ਼ੁਦ ਵਿਅਕਤੀਗਤ ਉਤਪਾਦਕਾਂ ਦੇ ਹੱਥਾਂ ਵਿੱਚ ਹੀ ਹੈ;

"ਜਦੋਂ ਕਿ ਭਾਵੇਂ ਅਜਿਹੀ ਹਾਲਤ ਦਾ ਵੀ, ਜਿਸ ਦਾ ਲੱਛਣ ਥੋੜ੍ਹੀ ਜ਼ਮੀਨ ਦੀ ਮਾਲਕੀ ਹੈ, ਅਟੱਲ ਰੂਪ ਵਿੱਚ ਨਾਸ਼ ਹੋਵੇਗਾ, ਫੇਰ ਵੀ ਇਸ ਤਬਾਹੀ ਨੂੰ ਛੇਤੀ ਲਿਆਉਣਾ ਸਮਾਜਵਾਦ ਦਾ ਕੰਮ ਨਹੀਂ ਕਿਉਂਕਿ ਇਹਦਾ ਕੰਮ ਜਾਇਦਾਦ ਨੂੰ ਕਿਰਤ ਨਾਲੋਂ ਵੱਖ ਕਰਨਾ ਨਹੀਂ ਸਗੋਂ ਇਹਦੇ ਉਲਟ ਸਮੁੱਚੀ ਪੈਦਾਵਾਰ ਦੇ ਇਹਨਾਂ ਦੋਵਾਂ ਅਨਸਰਾਂ ਨੂੰ ਇੱਕੋ ਹੱਥਾਂ ਵਿੱਚ ਦੇ ਕੇ ਸੰਗਠਿਤ ਕਰਨਾ ਹੈ, ਅਨਸਰ ਜਿਨ੍ਹਾਂ ਨੂੰ ਵੱਖ ਕਰਨ ਦਾ ਅਰਥ ਪ੍ਰੋਲੇਤਾਰੀ ਬਣਾਏ ਜਾ ਚੁੱਕੇ ਮਜ਼ਦੂਰਾਂ ਦੀ ਗ਼ੁਲਾਮੀ ਤੇ ਗ਼ਰੀਬੀ ਬਣਦਾ ਹੈ;

"ਜਦੋਂ ਕਿ ਇੱਕ ਪਾਸੇ ਤਾਂ ਸਮਾਜਵਾਦ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵੱਡੀਆਂ ਜਾਇਦਾਦਾਂ ਵਾਲੇ ਵਿਹਲੜ ਮਾਲਕਾਂ ਤੋਂ ਇਹ ਜਾਇਦਾਦਾਂ ਖੋਹ ਕੇ ਜ਼ਰਾਇਤੀ ਪ੍ਰੋਲੇਤਾਰੀਆਂ ਨੂੰ ਇਹਨਾਂ ਦਾ ਮਾਲਕ—ਸਮੂਹਕ ਜਾਂ ਸਮਾਜਕ ਰੂਪ ਵਿੱਚ— ਬਣਾਵੇ, ਦੂਜੇ ਪਾਸੇ ਇਹਦਾ ਇਹ ਵੀ ਜ਼ਰੂਰੀ ਫ਼ਰਜ਼ ਬਣਦਾ ਹੈ ਕਿ ਉਹ ਜ਼ਮੀਨ ਦੇ ਆਪਣੇ ਟੁਕੜਿਆਂ ਉੱਤੇ ਖ਼ੁਦ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਹਨਾਂ ਜਾ ਮਾਲਕ ਬਣਾਈ ਰੱਖੇ ਅਤੇ ਫਿਸਕ ਤੇ ਸੂਦਖ਼ੋਰ ਤੋਂ ਅਤੇ ਨਵੇਂ ਉੱਭਰੇ ਵੱਡੇ ਜ਼ਿਮੀਂਦਾਰਾਂ ਦੇ ਛਾਪਿਆਂ ਤੋਂ ਉਹਦੀ ਰਾਖੀ ਕਰੇ।

"ਜਦੋਂ ਕਿ ਉਹਨਾਂ ਉਤਪਾਦਕਾਂ ਨੂੰ ਵੀ ਇਸ ਰਾਖੀ ਦਾ ਪਾਤਰ ਬਣਾਉਣਾ ਵਾਜਬ ਹੈ ਜਿਹੜੇ ਮੁਜ਼ਾਰਿਆਂ ਜਾਂ ਸੀਰੀਆਂ (ਮੇਤਾਧੇਰਸ਼) ਵਜੋਂ ਦੂਜਿਆਂ ਦੀ ਮਾਲਕੀ ਵਾਲੀ ਜ਼ਮੀਨ ਦੀ ਕਾਸ਼ਤ ਕਰਦੇ ਹਨ ਅਤੇ ਜਿਹੜੇ, ਜੇ ਕਰ ਉਹ ਦਿਹਾੜੀਦਾਰਾਂ ਦੀ ਲੁੱਟ-ਚੋਂਘ ਕਰਦੇ ਹਨ ਤਾਂ ਕੁੱਝ ਹੱਦ ਤੱਕ ਇਉਂ ਕਰਨ ਲਈ ਉਸ ਲੁੱਟ-ਚੋਂਘ ਕਾਰਨ ਮਜਬੂਰ ਹੁੰਦੇ ਹਨ ਜਿਸ ਦਾ ਉਹ ਆਪ ਸ਼ਿਕਾਰ ਬਣੇ ਹੁੰਦੇ ਹਨ—

"ਇਸ ਲਈ ਮਜ਼ਦੂਰ ਪਾਰਟੀ ਨੇ— ਜੋ ਅਰਾਜਕਤਾਵਾਦੀਆਂ ਦੇ ਉਲਟ ਸਮਾਜਕ ਪ੍ਰਬੰਧ ਦੀ ਤਬਦੀਲੀ ਕਰਨ ਲਈ ਗ਼ਰੀਬੀ ਦੇ ਵਧਣ ਤੇ ਫ਼ੈਲਣ ਉੱਤੇ ਟੇਕ ਨਹੀਂ ਰੱਖਦੀ ਸਗੋਂ ਕੇਵਲ ਪਿੰਡਾਂ ਤੇ ਸ਼ਹਿਰਾਂ ਦੋਵਾਂ ਦੇ ਮਜ਼ਦੂਰਾਂ ਦੀ ਜੱਥੇਬੰਦੀ ਤੇ ਗਠਵੇਂ ਅਮਲਾਂ ਰਾਹੀਂ, ਅਤੇ ਸਰਕਾਰ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਰਾਹੀਂ ਕਿਰਤ ਦੀ ਤੇ ਆਮ ਤੌਰ ਤੇ ਸਮਾਜ ਦੀ ਬੰਦਖ਼ਲਾਸੀ ਦੀ ਆਸ ਰੱਖਦੀ ਹੈ— ਹੇਠਾਂ ਦਿੱਤਾ ਜ਼ਰੱਈ ਪ੍ਰੋਗਰਾਮ ਪਾਸ ਕੀਤਾ ਹੈ ਤਾਂ ਜੋ ਇਸ ਢੰਗ ਨਾਲ਼ ਪੇਂਡੂ ਪੈਦਾਵਾਰ ਦੇ ਸਾਰੇ ਅਨਸਰਾਂ ਨੂੰ, ਸਾਰੇ ਪੇਸ਼ਿਆਂ ਨੂੰ ਜੋ ਵੱਖ ਵੱਖ ਅਧਿਕਾਰਾਂ ਤੇ ਖ਼ਿਤਾਬਾਂ ਕਰਕੇ ਕੌਮੀ ਜ਼ਮੀਨ ਦੀ ਵਰਤੋਂ ਕਰਦੇ ਹਨ, ਇੱਕ ਥਾਂ ਕਰ ਦਿੱਤਾ ਜਾਵੇ ਅਤੇ ਸਾਂਝੇ ਦੁਸ਼ਮਣ—ਜ਼ਮੀਨ ਦੀ ਜਾਗੀਰੂ ਮਾਲਕੀ—ਵਿਰੁੱਧ ਇੱਕੋ ਜਿਹਾ ਸੰਗਰਾਮ ਚਲਾਇਆ ਜਾਵੇ।"

ਹੁਣ ਇਸ "ਜਦੋਂ ਕਿ" ਦੀ ਹੋਰ ਡੂੰਘੀ ਘੋਖ ਕਰੀਏ।

ਪਹਿਲੀ ਗੱਲ ਇਹ ਹੈ ਕਿ ਫ਼ਰਾਂਸੀਸੀ ਪ੍ਰੋਗਰਾਮ ਦੇ ਇਸ ਬਿਆਨ ਵਿੱਚ ਕਿ ਉਤਪਾਦਕਾਂ ਦੀ ਆਜ਼ਾਦੀ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦਾ ਪੂਰਵ-ਅਨਮਾਨ ਲਾਉਂਦੀ ਹੈ, ਇਸ ਤੋਂ ਤੁਰੰਤ ਮਗਰੋਂ ਦੇ ਇਹਨਾਂ ਬਿਆਨਾਂ ਨਾਲ਼ ਵਾਧਾ ਕੀਤਾ ਜਾਣਾ ਚਾਹੀਦਾ ਹੈ, ਕਿ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਕੇਵਲ ਦੋ ਰੂਪਾਂ ਵਿੱਚ ਹੀ ਸੰਭਵ ਹੈ : ਜਾਂ ਤਾਂ ਵਿਅਕਤੀਗਤ ਮਾਲਕੀ ਵਜੋਂ ਜਿਹੜਾ ਰੂਪ ਆਮ ਤੌਰ ਤੇ ਉਤਪਾਦਕਾਂ ਲਈ ਕਦੀ ਵੀ ਤੇ ਕਿਤੇ ਵੀ ਮੌਜੂਦ ਨਹੀਂ ਅਤੇ ਜਿਸ ਨੂੰ ਸਨਅਤੀ ਤਰੱਕੀ ਵਲੋਂ ਹਰ ਰੋਜ਼ ਹੀ ਵਧੇਰੇ ਅਸੰਭਵ ਬਣਾਇਆ ਜਾ ਰਿਹਾ ਹੈ, ਜਾਂ ਸਾਂਝੀ

ਮਾਲਕੀ ਵਜੋਂ, ਜੋ ਕਿ ਅਜਿਹਾ ਰੂਪ ਹੈ ਜਿਸ ਦੀਆਂ ਪਦਾਰਥਕ ਤੇ ਬੌਧਕ ਪੂਰਵ-ਸ਼ਰਤਾਂ ਖ਼ੁਦ ਪੂੰਜੀਵਾਦੀ ਸਮਾਜ ਦੇ ਵਿਕਾਸ ਰਾਹੀਂ ਸਥਾਪਤ ਕੀਤੀਆਂ ਗਈਆਂ ਹਨ, ਕਿ ਇਸ ਲਈ ਪੈਦਾਵਾਰ ਦੇ ਸਾਧਨਾਂ ਦੀ ਸਮੂਹਕ ਮਾਲਕੀ ਲਈ ਪ੍ਰੋਲੇਤਾਰੀ ਨੂੰ ਪ੍ਰਾਪਤ ਸਾਰੇ ਸਾਧਨਾਂ ਨਾਲ਼ ਸੰਗਰਾਮ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਪੈਦਾਵਾਰ ਦੇ ਸਾਧਨਾਂ ਦੀ ਸਾਂਝੀ ਮਾਲਕੀ ਇੱਥੇ ਇੱਕੋ ਇੱਕ ਮੁੱਖ ਨਿਸ਼ਾਨੇ ਵਜੋਂ ਪੇਸ਼ ਕੀਤੀ ਗਈ ਹੈ ਜਿਸ ਲਈ ਜਤਨ ਕੀਤਾ ਜਾਣਾ ਚਾਹੀਦਾ ਹੈ। ਇਹ ਕੇਵਲ ਸਨਅਤ ਵਿੱਚ ਹੀ ਨਹੀਂ ਜਿੱਥੇ ਕਿ ਜ਼ਮੀਨ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਹੈ, ਸਗੋਂ ਆਮ ਤੌਰ ਤੇ ਅਤੇ ਇਸ ਲਈ ਜ਼ਰਾਇਤ ਵਿੱਚ ਵੀ ਹੋਣਾ ਚਾਹੀਦਾ ਹੈ। ਪ੍ਰੋਗਰਾਮ ਅਨੁਸਾਰ ਵਿਅਕਤੀਗਤ ਮਾਲਕੀ ਆਮ ਤੌਰ ਤੇ ਸਾਰੇ ਉਤਪਾਦਕਾਂ ਲਈ ਕਦੀ ਵੀ ਤੇ ਕਿਤੇ ਵੀ ਹਾਸਲ ਨਹੀਂ ਕੀਤੀ ਗਈ, ਇਸ ਕਾਰਨ ਕਰਕੇ ਤੇ ਇਸ ਕਰਕੇ ਵੀ ਕਿ ਸਨਅਤੀ ਤਰੱਕੀ ਇਹਨੂੰ ਖ਼ਤਮ ਹੀ ਕਰ ਦਿੰਦੀ ਹੈ, ਸਮਾਜਵਾਦੀ ਇਹਨੂੰ ਕਾਇਮ ਰੱਖਣ ਵਿੱਚ ਨਹੀਂ ਸਗੋਂ ਇਹਨੂੰ ਖ਼ਤਮ ਕਰਨ ਵਿੱਚ ਦਿਲਚਸਪੀ ਰੱਖਦਾ ਹੈ, ਕਿਉਂਕਿ ਜਿੱਥੇ ਕਿਤੇ ਵੀ ਇਹ ਮੌਜੂਦ ਹੈ, ਤੇ ਜਿੱਥੋਂ ਤੱਕ ਇਹ ਮੌਜੂਦ ਹੈ, ਇਹ ਸਾਂਝੀ ਮਾਲਕੀ ਨੂੰ ਅਸੰਭਵ ਬਣਾਉਂਦੀ ਹੈ। ਜਦੋਂ ਇੱਕ ਵਾਰ ਅਸੀਂ ਆਪਣੀ ਦਲੀਲ ਦੇ ਪੱਖ ਵਿੱਚ ਪ੍ਰੋਗਰਾਮ ਨੂੰ ਇੰਨ ਬਿੰਨ ਬਿਆਨ ਕਰਦੇ ਹਾਂ ਤਾਂ ਸਾਨੂੰ ਅਜਿਹਾ ਸਮੁੱਚਾ ਪ੍ਰੋਗਰਾਮ ਹੀ ਇੰਨ ਬਿੰਨ ਬਿਆਨ ਕਰ ਦੇਣਾ ਚਾਹੀਦਾ ਹੈ ਜੋ ਨਾਨਤੇਸ ਵਿੱਚ ਪੇਸ਼ ਕੀਤੇ ਪ੍ਰਸਤਾਵ ਵਿੱਚ ਨਿੱਗਰ ਤਬਦੀਲੀ ਕਰਦਾ ਹੈ, ਕਿਉਂਕਿ ਇਹ ਉਸ ਵਿੱਚ ਪ੍ਰਗਟਾਈ ਹੋਈ ਆਮ ਇਤਿਹਾਸਕ ਸੱਚਾਈ ਨੂੰ ਉਹਨਾਂ ਹਾਲਤਾਂ ਉੱਤੇ ਨਿਰਭਰ ਬਣਾਉਂਦਾ ਹੈ ਕੇਵਲ ਜਿਨ੍ਹਾਂ ਅਧੀਨ ਹੀ ਇਹ ਅੱਜ ਪੱਛਮੀ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਸੱਚਾਈ ਬਣਿਆ ਰਹਿ ਸਕਦਾ ਹੈ।

ਵਿਅਕਤੀਗਤ ਉਤਪਾਦਕਾਂ ਵੱਲੋਂ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਅੱਜ ਕੱਲ੍ਹ ਇਹਨਾਂ ਉਤਪਾਦਕਾਂ ਨੂੰ ਕੋਈ ਅਸਲੀ ਆਜ਼ਾਦੀ ਨਹੀਂ ਦਿੰਦੀ। ਸ਼ਹਿਰਾਂ ਵਿੱਚ ਦਸਤਕਾਰੀ ਤਬਾਹ ਹੋ ਚੁੱਕੀ ਹੈ, ਲੰਡਨ ਵਰਗੇ ਮੈਟਰੋਪਾਲਿਸ ਵਿੱਚ ਇਹ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਹੈ, ਇਹਦੀ ਥਾਂ ਵੱਡੇ ਪੱਧਰ ਦੀ ਸਨਅਤ ਨੇ, ਸਵੀਟਸ਼ਾਪ ਪ੍ਰਣਾਲੀ ਨੇ ਅਤੇ ਕੋਝੇ ਚੌੜ-ਚਾਨਣਾਂ ਨੇ ਜੋ ਦੀਵਾਲੀਆਪਣ ਉੱਤੇ ਪਲ਼ਦੇ ਹਨ, ਮੱਲ ਲਈ ਹੈ। ਸਵੈ-ਨਿਰਭਰ ਛੋਟੇ ਕਿਸਾਨ ਕੋਲ ਨਾ ਤਾਂ ਉਹਦੀ ਜ਼ਮੀਨ ਦੇ ਨਿੱਕੇ ਜਿਹੇ ਟੁਕੜੇ ਦੀ ਸੁਰੱਖਿਅਤ ਮਾਲਕੀ ਹੀ ਹੈ ਤਾਂ ਨਾ ਹੀ ਉਹ ਆਜ਼ਾਦ ਹੈ। ਉਹ ਤੇ ਉਹਦਾ ਘਰ, ਉਹਦਾ ਫ਼ਾਰਮ ਉੱਤੇ ਪਾਇਆ ਮਕਾਨ ਤੇ ਉਹਦੇ ਗਿਣਤੀ ਦੇ ਖੇਤ ਸੂਦਖ਼ੋਰ ਦੇ ਹਨ; ਉਹਦਾ ਜੀਵਨ ਨਿਰਵਾਹ ਪ੍ਰੋਲੇਤਾਰੀਆਂ ਨਾਲੋਂ ਵਧੇਰੇ ਗੈਰਯਕੀਨੀ ਹੈ ਜਿਨ੍ਹਾਂ ਪ੍ਰੋਲੇਤਾਰੀਆਂ ਕੋਲ ਘੱਟੋ ਘੱਟ ਕਦੀ ਕਦਾਈਂ ਸ਼ਾਂਤੀ ਭਰੇ ਦਿਨ ਤਾਂ ਹੁੰਦੇ

ਹਨ ਜਿਹੜੀ ਚੀਜ਼ ਕਿ ਸਦੀਵੀ ਰੂਪ ਵਿੱਚ ਨਪੀੜੇ ਜਾ ਰਹੇ ਕਰਜ਼ੇ ਦੇ ਗ਼ੁਲਾਮ ਕੋਲ ਨਹੀਂ ਹੁੰਦੀ। ਜ਼ਾਬਤਾ ਦੀਵਾਨੀ ਦੀ ਧਾਰਾ 2,102 ਖ਼ਤਮ ਕਰੋ, ਕਾਨੂੰਨ ਰਾਹੀਂ ਇਸ ਗੱਲ ਦੀ ਵਿਵਸਥਾ ਕਰੋ ਕਿ ਕਿਸਾਨ ਦੇ ਖੇਤੀ ਸੰਦਾਂ, ਪਸ਼ੂਆਂ ਆਦਿ ਦੀ ਇੱਕ ਨਿਸ਼ਚਿਤ ਮਿਕਦਾਰ ਉੱਤੇ ਕੋਈ ਟੈਕਸ ਨਹੀਂ ਲੱਗੇਗਾ ਤੇ ਉਹਦੀ ਕੁਰਕੀ ਨਹੀਂ ਕੀਤੀ ਜਾ ਸਕੇਗੀ, ਫੇਰ ਵੀ ਤੁਸੀਂ ਉਹਦੀ ਰਾਖੀ ਅਜਿਹੀ ਸੰਕਟਕਾਲੀ ਹਾਲਤ ਤੋਂ ਯਕੀਨੀ ਨਹੀਂ ਬਣਾ ਸਕਦੇ ਜਿਸ ਵਿੱਚ ਉਹਨੂੰ ਆਪਣੀ "ਮਰਜ਼ੀ ਨਾਲ਼" ਆਪਣੇ ਪਸ਼ੂ ਵੇਚਣ ਉੱਤੇ ਮਜ਼ਬੂਰ ਹੋਣਾ ਪੈਂਦਾ ਹੈ, ਜਿਸ ਵਿੱਚ ਉਹਨੂੰ ਸੂਦਖ਼ੋਰ ਨੂੰ ਆਪਣਾ ਸਭ ਕੁੱਝ ਆਪਣੇ ਹੱਥੀਂ ਦੇਣਾ ਪੈਂਦਾ ਹੈ ਅਤੇ ਜੋ ਥੋੜ੍ਹੀ ਰਾਹਤ ਮਿਲਣ ਉੱਤੇ ਖ਼ੁਸ਼ ਹੋ ਜਾਂਦਾ ਹੈ। ਛੋਟੇ ਕਿਸਾਨ ਦੀ ਜਾਇਦਾਦ ਦੀ ਰਾਖੀ ਕਰਨ ਦਾ ਤੁਹਾਡਾ ਯਤਨ ਉਹਦੀ ਆਜ਼ਾਦੀ ਦੀ ਰੱਖਿਆ ਨਹੀਂ ਸਗੋਂ ਉਹਦੀ ਗ਼ੁਲਾਮੀ ਦੇ ਇੱਕ ਖ਼ਾਸ ਰੂਪ ਦੀ ਰਾਖੀ ਕਰਦਾ ਹੈ, ਇਹ ਉਸ ਸਥਿਤੀ ਨੂੰ ਲੰਮਾ ਕਰ ਦਿੰਦਾ ਹੈ ਜਿਸ ਵਿੱਚ ਨਾ ਉਹ ਜਿਉਂ ਸਕਦਾ ਹੈ ਤੇ ਨਾ ਮਰ ਸਕਦਾ ਹੈ। ਇਸ ਲਈ ਤੁਹਾਡੇ ਪ੍ਰੋਗਰਾਮ ਦੇ ਪਹਿਲੇ ਪੈਰ੍ਹੇ ਨੂੰ ਇੱਥੇ ਤੁਹਾਡੀ ਦਲੀਲ ਦੀ ਪੁਸ਼ਟੀ ਵਜੋਂ ਇੰਨ ਬਿੰਨ ਬਿਆਨ ਕਰਨਾ ਬਿਲਕੁਲ ਨਹੀਂ ਢੁੱਕਦਾ।

ਮੁਖਬੰਧ ਵਿੱਚ ਆਖਿਆ ਗਿਆ ਹੈ ਕਿ ਅਜੋਕੇ ਫ਼ਰਾਂਸ ਵਿੱਚ ਪੈਦਾਵਾਰ ਦੇ ਸਾਧਨ, ਭਾਵ ਜ਼ਮੀਨ, ਬਹੁਤ ਸਾਰੀਆਂ ਥਾਵਾਂ ਉੱਤੇ ਅਜੇ ਤੱਕ ਵੀ ਵਿਅਕਤੀਗਤ ਉਤਪਾਦਕਾਂ ਦੇ ਹੱਥਾਂ ਵਿੱਚ ਉਹਨਾਂ ਦੀ ਵਿਅਕਤੀਗਤ ਮਲਕੀਅਤ ਵਜੋਂ ਹੈ; ਪਰ ਇਹ ਕੰਮ ਸਮਾਜਵਾਦ, ਦਾ ਨਹੀਂ ਕਿ ਜਾਇਦਾਦ ਨੂੰ ਕਿਰਤ ਨਾਲ਼ੋਂ ਵੱਖ ਕੀਤਾ ਜਾਵੇ, ਸਗੋਂ ਇਹਦੇ ਉਲਟ ਸਮੁੱਚੀ ਪੈਦਾਵਾਰ ਦੇ ਇਹਨਾਂ ਦੋਵਾਂ ਅਨਸਰਾਂ ਨੂੰ ਇੱਕੋ ਹੱਥਾਂ ਵਿੱਚ ਦੇ ਕੇ ਮੇਲਿਆ ਜਾਵੇ। ਜਿਵੇਂ ਕਿ ਪਹਿਲਾਂ ਧਿਆਨ ਦੁਆਇਆ ਗਿਆ ਹੈ, ਇੱਕੋ ਹੱਥਾਂ ਵਿੱਚ ਦੇਣ ਦਾ ਕੰਮ ਇਸ ਆਮ ਰੂਪ ਵਿੱਚ ਕਿਸੇ ਤਰ੍ਹਾਂ ਵੀ ਸਮਾਜਵਾਦ ਦਾ ਕੰਮ ਨਹੀਂ ਹੈ। ਸਮਾਜਵਾਦ ਦਾ ਕੰਮ ਤਾਂ ਕੇਵਲ ਪੈਦਾਵਾਰ ਦੇ ਸਾਧਨ ਉਤਪਾਦਕਾਂ ਨੂੰ ਉਹਨਾਂ ਦੀ ਸਾਂਝੀ ਮਲਕੀਅਤ ਵਜੋਂ ਦੇਣਾ ਹੈ। ਜਿਉਂ ਹੀ ਅਸੀਂ ਇਸ ਗੱਲ ਨੂੰ ਅੱਖੋਂ ਉਹਲੇ ਕਰ ਦਿੰਦੇ ਹਾਂ, ਉੱਪਰ ਦੱਸਿਆ ਬਿਆਨ ਇਸ 'ਚੋਂ ਨਿੱਕਲਦੇ ਇਸ ਅਰਥ ਦੇ ਪੱਖੋਂ ਸਿੱਧੇ ਤੌਰ ਤੇ ਗੁੰਮਰਾਹ ਕਰਨ ਵਾਲਾ ਬਣ ਜਾਂਦਾ ਹੈ ਕਿ ਛੋਟੇ ਕਿਸਾਨ ਦੀ ਆਪਣੇ ਖੇਤਾਂ ਵਿੱਚ ਵਰਤਮਾਨ ਝੂਠੀ ਜਾਇਦਾਦ ਨੂੰ ਅਸਲੀ ਜਾਇਦਾਦ ਵਿੱਚ ਬਦਲਣਾ, ਭਾਵ ਇੱਕ ਛੋਟੇ ਮੁਜ਼ਾਰੇ ਨੂੰ ਇੱਕ ਮਾਲਕ ਵਿੱਚ ਬਦਲਣਾ ਤੇ ਕਰਜ਼ਾਈ ਮਾਲਕ ਨੂੰ ਕਰਜ਼ੇ ਤੋਂ ਮੁਕਤ ਮਾਲਕ ਵਿੱਚ ਬਦਲਣਾ ਸਮਾਜਵਾਦ ਦਾ ਕੰਮ ਹੈ। ਨਿਰਸੰਦੇਹ ਸਮਾਜਵਾਦ ਇਹ ਵੇਖਣ ਵਿੱਚ ਦਿਲਚਸਪੀ ਰੱਖਦਾ ਹੈ ਕਿ ਕਿਸਾਨ ਦੀ ਜਾਇਦਾਦ ਦਾ ਝੂਠਾ ਰੂਪ ਖ਼ਤਮ ਹੋਣਾ ਚਾਹੀਦਾ ਹੈ, ਪਰ

ਇਸ ਢੰਗ ਨਾਲ਼ ਨਹੀਂ।

ਖ਼ੈਰ, ਹੁਣ ਅਸੀਂ ਇੰਨੀ ਦੂਰ ਆ ਗਏ ਹਾਂ ਕਿ ਮੁਖਬੰਧ ਸਿੱਧੇ ਤੌਰ ਤੇ ਇਹ ਐਲਾਨ ਕਰ ਸਕਦਾ ਹੈ ਕਿ ਇਹ ਸਮਾਜਵਾਦ ਦਾ ਫ਼ਰਜ਼, ਅਸਲ ਵਿੱਚ, ਉਹਦਾ ਜ਼ਰੂਰੀ ਫ਼ਰਜ਼ ਬਣਦਾ ਹੈ ਕਿ ਉਹ "ਕਿਸਾਨਾਂ ਨੂੰ ਜ਼ਮੀਨ ਦੇ ਉਹਨਾਂ ਵੱਲੋਂ ਆਪ ਕਾਸ਼ਤ ਕੀਤੇ ਜਾਂਦੇ ਟੁਕੜਿਆਂ ਦਾ ਮਾਲਕ ਬਣਾਈ ਰੱਖੇ ਤੇ ਸਰਕਾਰੀ ਟੈਕਸਾਂ, ਸੂਦਖ਼ੋਰ ਤੋਂ ਅਤੇ ਨਵੇਂ ਉੱਭਰੇ ਵੱਡੇ ਜ਼ਮੀਨ ਮਾਲਕਾਂ ਦੇ ਛਾਪਿਆਂ ਤੋਂ ਉਹਨਾਂ ਨੂੰ ਬਚਾਵੇ।"

ਇਸ ਤਰ੍ਹਾਂ ਮੁਖਬੰਧ ਸਮਾਜਵਾਦ ਉੱਤੇ ਅਜਿਹੀ ਚੀਜ਼ ਸਿਰੇ ਚਾੜ੍ਹਨ ਦਾ ਜ਼ਰੂਰੀ ਫ਼ਰਜ਼ ਠੋਸਦਾ ਹੈ ਜੋ ਉਹਨੇ ਇਸ ਤੋਂ ਪਹਿਲੇ ਪੈਰੇ ਵਿੱਚ ਅਸੰਭਵ ਹੋਣ ਵਜੋਂ ਐਲਾਨੀ ਹੈ। ਉਹ ਇਹਨੂੰ ਕਿਸਾਨਾਂ ਦੀ ਥੋੜ੍ਹੀ ਜ਼ਮੀਨ ਦੀ ਮਾਲਕੀ "ਕਾਇਮ ਰੱਖਣ" ਦਾ ਹੁਕਮ ਦਿੰਦਾ ਹੈ, ਭਾਵੇਂ ਉਹ ਆਪ ਇਹ ਆਖਦਾ ਹੈ ਕਿ ਮਾਲਕੀ ਦਾ ਇਹ ਰੂਪ "ਅਟੱਲ ਰੂਪ ਵਿੱਚ ਤਬਾਹ" ਹੋਵੇਗਾ। ਜੇਕਰ ਸਰਕਾਰੀ ਟੈਕਸ, ਸੂਦਖ਼ੋਰ ਅਤੇ ਨਵੇਂ ਉੱਭਰੇ ਵੱਡੇ ਜ਼ਿਮੀਂਦਾਰ ਅਜਿਹੇ ਸਾਧਨ ਨਹੀਂ ਹਨ ਜਿੰਨ੍ਹਾਂ ਰਾਹੀਂ ਪੂੰਜੀਵਾਦੀ ਪੈਦਾਵਾਰ ਇੱਹ ਅਟੱਲ ਤਬਾਹੀ ਲਿਆਉਂਦੀ ਹੈ, ਤਾਂ ਫੇਰ ਉਹ ਕੀ ਹਨ? ਇਸ ਤ੍ਰਿਕੜੀ ਵਿਰੁੱਧ ਕਿਸਾਨ ਦੀ ਰਾਖੀ ਕਰਨ ਲਈ "ਸਮਾਜਵਾਦ" ਨੇ ਕਿੰਨ੍ਹਾਂ ਸਾਧਨਾਂ ਦੀ ਵਰਤੋਂ ਕਰਨੀ ਹੈ, ਇਹ ਅਸੀਂ ਹੇਠਾਂ ਵੇਖਾਂਗੇ।

ਉਹਦੀ ਜਾਇਦਾਦ ਦੇ ਪੱਖੋਂ ਕੇਵਲ ਛੋਟੇ ਕਿਸਾਨ ਦੀ ਹੀ ਰਾਖੀ ਨਹੀਂ ਕੀਤੀ ਜਾਣੀ। ਇਹ ਗੱਲ ਇਸੇ ਤਰ੍ਹਾਂ "ਉੱਚਿਤ ਹੈ ਕਿ ਉਹਨਾਂ ਉਤਪਾਦਕਾਂ ਦੀ ਵੀ ਰਾਖੀ ਕੀਤੀ ਜਾਵੇ ਜੋ ਮੁਜ਼ਾਰਿਆਂ ਜਾਂ ਸੀਰੀਆਂ (ਮੇਤਾਧੇਰਸ਼) ਵਜੋਂ ਦੂਜਿਆਂ ਦੀ ਮਲਕੀਅਤ ਵਾਲੀ ਜ਼ਮੀਨ ਵਾਹੁੰਦੇ ਹਨ ਜਾਂ ਜਿਨ੍ਹਾਂ ਨੂੰ, ਜੇ ਕਰ ਉਹ ਦਿਹਾੜੀਦਾਰਾਂ ਦੀ ਲੁੱਟਚੋਂਘ ਕਰਦੇ ਹਨ, ਕੁੱਝ ਹੱਦ ਤੱਕ ਇਉਂ ਕਰਨ ਲਈ ਉਸ ਲੁੱਟਚੋਂਘ ਕਰ ਕੇ ਮਜਬੂਰ ਹੋਣਾ ਪੈਂਦਾ ਹੈ, ਜਿਸ ਦਾ ਉਹ ਆਪ ਸ਼ਿਕਾਰ ਹੋਏ ਹੁੰਦੇ ਹਨ।"

ਇੱਥੇ ਅਸੀਂ ਅਜਿਹੀ ਧਰਤੀ ਉੱਤੋਂ ਲੰਘ ਰਹੇ ਹਾਂ ਜੋ ਬੜੀ ਅਜੀਬ ਜਾਪਦੀ ਹੈ। ਸਮਾਜਵਾਦ ਖ਼ਾਸ ਤੌਰ 'ਤੇ ਉਜਰਤੀ ਕਿਰਤ ਦੀ ਲੁੱਟਚੋਂਘ ਦੇ ਵਿਰੁੱਧ ਹੈ। ਅਤੇ ਇੱਥੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਸਮਾਜਵਾਦ ਦਾ ਇਹ ਜ਼ਰੂਰੀ ਫ਼ਰਜ਼ ਹੈ ਕਿ ਉਹ ਉਹਨਾਂ ਫ਼ਰਾਂਸੀਸੀ ਮੁਜ਼ਾਰਿਆਂ ਦੀ ਰਾਖੀ ਕਰੇ, ਜਦੋਂ ਉਹ, ਜਿਵੇਂ ਕਿ ਪਾਠ ਵਿੱਚ ਸ਼ਾਬਦਿਕ ਰੂਪ ਵਿੱਚ ਆਖਿਆ ਗਿਆ ਹੈ, "ਦਿਹਾੜੀਦਾਰਾਂ ਦੀ ਲੁੱਟਚੋਂਘ ਕਰਦੇ ਹਨ।" ਅਤੇ ਕਿਉਂਕਿ ਉਹਨਾਂ ਨੂੰ ਕੁੱਝ ਹੱਦ ਤੱਕ ਉਸ "ਲੁੱਟਚੋਂਘ ਕਰਕੇ, ਜਿਸ ਦਾ ਉਹ ਆਪ ਸ਼ਿਕਾਰ ਹੋਏ ਹੁੰਦੇ ਹਨ" ਇਉਂ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਜਦੋਂ ਤੁਸੀਂ ਇੱਕ ਬਰਫ਼-ਗੱਡੀ ਉੱਤੇ ਰਿੜ੍ਹ ਪਵੋ ਤਾਂ ਤਿਲ੍ਹਕਣਾ ਕਿੰਨਾ ਆਸਾਨ ਤੇ ਸੁਖਾਵਾਂ ਲੱਗਦਾ ਹੈ। ਹੁਣ ਜਦੋਂ ਕਿ ਜਰਮਨੀ ਦੇ ਵੱਡੇ ਤੇ ਦਰਮਿਆਨੇ ਕਿਸਾਨ ਫ਼ਰਾਂਸੀਸੀ ਸੋਸ਼ਲਿਸਟਾਂ ਕੋਲ ਇਹ ਕਹਿਣ ਲਈ ਆਉਂਦੇ ਹਨ ਕਿ ਉਹ ਜਰਮਨ ਪਾਰਟੀ ਐਗਜ਼ੈਕਟਿਵ ਨਾਲ਼ ਵਿਚੋਲਗੀ ਕਰਨ ਕਿ ਉਹ ਜਰਮਨੀ ਦੀ ਸੋਸ਼ਲ ਡੈਮੋਕਰੈਟਿਕ ਪਾਰਟੀ ਤੋਂ ਉਹਨਾਂ ਦੇ ਮਰਦ ਤੇ ਇਸਤਰੀ ਫ਼ਾਰਮ-ਨੌਕਰਾਂ ਦੀ ਲੁੱਟਚੋਂਘ ਕਰਨ ਵਿੱਚ ਉਹਨਾਂ ਦੀ ਰਾਖੀ ਕਰਵਾਏ ਅਤੇ ਉਹ ਇਸ ਦੇ ਸਮਰਥਨ ਵਿੱਚ ਉਹਨਾਂ ਦੀ ਉਸ ਲੁੱਟਚੋਂਘ ਦੀ ਦਲੀਲ ਦੇਣ ਜਿਸ ਦਾ ਸੂਦਖ਼ੋਰਾਂ, ਟੈਕਸ ਇਕੱਠਾ ਕਰਨ ਵਾਲਿਆਂ, ਅਨਾਜ ਦਾ ਸੱਟਾ ਲਾਉਣ ਵਾਲਿਆਂ, ਅਤੇ ਪਸ਼ੂਆਂ ਦੇ ਵਪਾਰੀਆਂ ਵੱਲੋਂ "ਉਹਨਾਂ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ", ਤਾਂ ਉਹ ਕੀ ਜਵਾਬ ਦੇਣਗੇ? ਉਹਨਾਂ ਕੋਲ ਇਸ ਗੱਲ ਦੀ ਕੀ ਜ਼ਾਮਨੀ ਹੈ ਕਿ ਸਾਡੇ ਵੱਡੇ ਜ਼ਿਮੀਂਦਾਰ ਉਹਨਾਂ ਕੋਲ ਕਾਊਂਟ ਕਾਨਿਤਜ਼ (ਜਿਵੇਂ ਕਿ ਇਹਨੇ ਵੀ ਉਹਨਾਂ ਦੇ ਅਨਾਜ ਦੀ ਦਰਾਮਦ ਵਿੱਚ ਰਾਜਕੀ ਇਜਾਰੇਦਾਰੀ ਦੀ ਵਿਵਸਥਾ ਕਰਨ ਵਾਲੇ ਸੁਝਾਅ ਵਾਂਗ ਹੀ ਇੱਕ ਸੁਝਾਅ ਪੇਸ਼ ਕੀਤਾ ਸੀ) ਨੂੰ ਨਹੀਂ ਭੇਜਣਗੇ ਅਤੇ ਉਸੇ ਤਰ੍ਹਾਂ ਪੇਂਡੂ ਮਜ਼ਦੂਰਾਂ ਦੀ ਆਪਣੀ ਲੁੱਟਚੋਂਘ ਦੀ ਸਮਾਜਦਵਾਦੀ ਰਾਖੀ ਦੀ ਮੰਗ ਨਹੀਂ ਕਰਨਗੇ ਜਿਸ ਦੇ ਸਮਰਥਨ ਵਿੱਚ ਉਹ ਉਸ ਲੁੱਟਚੋਂਘ ਦਾ ਜ਼ਿਕਰ ਕਰਨਗੇ " ਜਿਸ ਦਾ ਖ਼ੁਦ ਉਹਨਾਂ ਨੂੰ" ਸਟਾਕ ਚੈਂਬਰਾਂ, ਸ਼ਾਹੂਕਾਰਾਂ ਤੇ ਅਨਾਜ ਦਾ ਸੱਟਾ ਲਾਉਣ ਵਾਲਿਆਂ ਵੱਲੋਂ "ਸ਼ਿਕਾਰ ਬਣਾਇਆ ਜਾ ਰਿਹਾ ਹੈ।"

ਆਉ ਅਸੀਂ ਮੁੱਢ ਵਿੱਚ ਹੀ ਇਹ ਗੱਲ ਆਖ ਦੇਈਏ ਕਿ ਸਾਡੇ ਫ਼ਰਾਂਸੀਸੀ ਮਿੱਤਰਾਂ ਦੇ ਇਰਾਦੇ ਇੰਨੇ ਮਾੜੇ ਨਹੀਂ ਜਿੰਨੇ ਕਿ ਕੋਈ ਅਨੁਮਾਨ ਲਾ ਸਕਦਾ ਹੈ। ਉੱਪਰਲਾ ਫ਼ਿਕਰਾ, ਸਾਨੂੰ ਇਹ ਦੱਸਿਆ ਗਿਆ ਹੈ, ਕੇਵਲ ਬਹੁਤ ਹੀ ਖ਼ਾਸ ਮਾਮਲੇ ਬਾਰੇ ਭਾਵ ਹੇਠਾਂ ਦੱਸੇ ਬਾਰੇ ਹੈ : ਸਾਡੇ ਚਕੰਦਰ ਦੇ ਜਿਲ੍ਹਿਆਂ ਵਾਂਗ, ਉੱਤਰੀ ਫ਼ਰਾਂਸ ਵਿੱਚ ਜ਼ਮੀਨ ਕਿਸਾਨਾਂ ਨੂੰ ਇਸ ਸ਼ਰਤ ਉੱਤੇ ਕਿ ਚਕੰਦਰ ਦੀ ਕਾਸ਼ਤ ਕੀਤੀ ਜਾਵੇਗੀ, ਚਕੋਤੇ ਉੱਤੇ ਦਿੱਤੀ ਜਾਂਦੀ ਹੈ, ਅਜਿਹੀਆਂ ਸ਼ਰਤਾਂ ਉੱਤੇ ਜੋ ਬਹੁਤ ਹੀ ਸਖ਼ਤ ਹਨ। ਉਹਨਾਂ ਨੂੰ ਚਕੰਦਰ ਪਹਿਲੋਂ ਦੱਸੀ ਗਈ ਫ਼ੈਕਟਰੀ ਨੂੰ ਉਸ ਵੱਲੋਂ ਨਿਸ਼ਚਿਤ ਕੀਤੀ ਕੀਮਤ ਉੱਤੇ ਦੇਣਾ ਚਾਹੀਦਾ ਹੈ, ਨਿਸ਼ਚਿਤ ਬੀਜ ਖ਼ਰੀਦਣਾ ਚਾਹੀਦਾ ਹੈ, ਦੱਸੀ ਗਈ ਖਾਦ ਦੀ ਨਿਸ਼ਚਿਤ ਮਿਕਦਾਰ ਵਰਤਣੀ ਚਾਹੀਦੀ ਹੈ ਅਤੇ ਇਹ ਚਕੰਦਰ ਦਿੱਤੇ ਜਾਣ ਨਾਲ਼ ਉਹਨਾਂ ਨਾਲ਼ ਸੌਦੇ ਵਿੱਚ ਬੁਰੀ ਤਰ੍ਹਾਂ ਹੇਰਾਫੇਰੀ ਕੀਤੀ ਜਾਂਦੀ ਹੈ। ਸਾਨੂੰ ਜਰਮਨੀ ਵਿੱਚ ਵੀ ਇਸ ਬਾਰੇ ਪੂਰੀ ਜਾਣਕਾਰੀ ਹੈ। ਪਰ ਜੇਕਰ ਇਸ ਕਿਸਮ ਦੇ ਕਿਸਾਨ ਨੂੰ ਆਪਣੇ ਖੰਭਾਂ ਥੱਲੇ ਲੈਣਾ ਹੋਵੇ ਤਾਂ ਇਹ ਗੱਲ ਸਪੱਸ਼ਟ ਤੇ ਸਾਫ਼ ਢੰਗ ਨਾਲ਼ ਆਖੀ ਜਾਣੀ ਚਾਹੀਦੀ ਹੈ। ਜਿਵੇਂ ਕਿ ਫ਼ਿਕਰੇ ਵਿੱਚ

ਹੁਣ ਪੜ੍ਹਿਆ ਜਾਂਦਾ ਹੈ, ਆਪਣੇ ਅਸੀਮਤ ਆਮ ਰੂਪ ਵਿੱਚ, ਇਹ ਕੇਵਲ ਫ਼ਰਾਂਸੀਸੀ ਪ੍ਰੋਗਰਾਮ ਦੀ ਹੀ ਨਹੀਂ, ਸਗੋਂ ਆਮ ਤੌਰ ਤੇ ਸਮਾਜਵਾਦ ਦੇ ਬੁਨਿਆਦੀ ਅਸੂਲ ਦੀ ਵੀ ਸਿੱਧੀ ਉਲੰਘਣਾ ਹੈ ਅਤੇ ਇਹਦੇ ਕਰਤਿਆਂ ਕੋਲ਼ ਸ਼ਿਕਾਇਤ ਕਰਨ ਦਾ ਕੋਈ ਕਾਰਨ ਨਹੀਂ ਹੋਣਾ ਚਾਹੀਦਾ, ਜੇ ਕਰ ਸੰਪਾਦਨ ਦਾ ਇਹ ਬੇਧਿਆਨੀ ਵਾਲਾ ਹਿੱਸਾ ਉਹਨਾਂ ਦੇ ਇਰਾਦੇ ਦੇ ਉਲਟ ਵੱਖ ਵੱਖ ਹਲਕਿਆਂ ਵਿੱਚ ਉਹਨਾਂ ਦੇ ਵਿਰੁੱਧ ਵਰਤਿਆ ਜਾਂਦਾ ਹੈ।

ਮੁਖਬੰਧ ਦੇ ਅੰਤਮ ਸ਼ਬਦ ਵੀ ਅਜਿਹੀ ਹੀ ਗ਼ਲਤ ਬਣਤਰ ਦੇ ਸਮਰਥ ਹਨ, ਜਿਨ੍ਹਾਂ ਅਨੁਸਾਰ ਸਮਾਜਵਾਦੀ ਮਜ਼ਦੂਰ ਪਾਰਟੀ ਦਾ ਇਹ ਕਾਰਜ ਬਣਦਾ ਹੈ:

"ਕਿ ਪੇਂਡੂ ਪੈਦਾਵਾਰ ਦੇ ਸਾਰੇ ਅਨਸਰਾਂ, ਸਾਰੇ ਪੇਸ਼ਿਆਂ ਨੂੰ ਇੱਕ ਥਾਂ ਕਰੇ ਜੋ ਵੱਖ ਵੱਖ ਅਧਿਕਾਰਾਂ ਤੇ ਖਿਤਾਬਾਂ ਕਰ ਕੇ ਕੌਮੀ ਜ਼ਮੀਨ ਦੀ ਵਰਤੋਂ ਕਰਦੇ ਹਨ ਅਤੇ ਉਹ ਸਾਂਝੇ ਵੈਰੀ—ਜਾਗੀਰੂ ਜ਼ਮੀਨ ਮਾਲਕੀ—ਵਿਰੁੱਧ ਇੱਕੋ ਜਿਹਾ ਸੰਗਰਾਮ ਕਰੇ।"

ਮੈਂ ਇਸ ਗੱਲ ਦਾ ਸਾਫ਼ ਖੰਡਨ ਕਰਦਾ ਹਾਂ ਕਿ ਕਿਸੇ ਵੀ ਦੇਸ਼ ਦੀ ਸਮਾਜਵਾਦੀ ਮਜ਼ਦੂਰ ਪਾਰਟੀ ਨੂੰ ਆਪਣੀਆਂ ਸਫ਼ਾਂ ਵਿੱਚ ਪੇਂਡੂ ਪ੍ਰੋਲੇਤਾਰੀਆਂ ਤੇ ਛੋਟੇ ਕਿਸਾਨਾਂ ਤੋਂ ਇਲਾਵਾ ਦਰਮਿਆਨੇ ਤੇ ਵੱਡੇ ਕਿਸਾਨ ਲੈਣ ਦਾ ਕਾਰਜ ਅਤੇ ਸ਼ਾਇਦ ਵੱਡੀਆਂ ਜਾਇਦਾਦਾਂ ਦੇ ਮੁਜ਼ਾਰਿਆਂ ਨੂੰ ਲੈਣ ਦਾ, ਪੂੰਜੀਵਾਦੀ ਪਸ਼ੂ ਪਾਲਕਾਂ ਨੂੰ ਅਤੇ ਕੌਮੀ ਜ਼ਮੀਨ ਦੀ ਲੁੱਟਚੋਂਘ ਕਰਨ ਵਾਲੇ ਦੂਜੇ ਪੂੰਜੀਵਾਦੀਆਂ ਨੂੰ ਲੈਣ ਦਾ ਕਾਰਜ ਵੀ ਸੌਂਪਿਆ ਗਿਆ ਹੈ। ਇਹਨਾਂ ਸਾਰਿਆਂ ਲਈ ਜ਼ਮੀਨ ਮਾਲਕੀ ਜਾਗੀਰਦਾਰੀ ਸਾਂਝਾ ਦੁਸ਼ਮਣ ਲੱਗ ਸਕਦੀ ਹੈ। ਕੁੱਝ ਸਵਾਲਾਂ ਉੱਤੇ ਅਸੀਂ ਉਹਨਾਂ ਨਾਲ਼ ਮੇਲ ਕਰ ਸਕਦੇ ਹਾਂ ਅਤੇ ਨਿਸ਼ਚਿਤ ਮੰਤਵਾਂ ਲਈ ਉਹਨਾਂ ਦੇ ਮੋਢੇ ਨਾਲ਼ ਮੋਢਾ ਜੋੜ ਕੇ ਸੰਗਰਾਮ ਕਰਨ ਦੇ ਸਮਰਥ ਹੋ ਸਕਦੇ ਹਾਂ। ਅਸੀਂ ਆਪਣੀ ਪਾਰਟੀ ਵਿੱਚ ਸਮਾਜ ਦੀ ਹਰ ਇੱਕ ਜਮਾਤ ਦੇ ਵਿਅਕਤੀਆਂ ਦੀ ਵਰਤੋਂ ਕਰ ਸਕਦੇ ਹਾਂ, ਪਰ ਪੂੰਜੀਵਾਦੀ, ਦਰਮਿਆਨੀ ਬੁਰਜੂਆਜ਼ੀ ਦੇ ਜਾਂ ਦਰਮਿਆਨੇ ਕਿਸਾਨ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਕਿਸੇ ਵੀ ਗਰੁੱਪਾਂ ਦਾ ਸਾਨੂੰ ਕੋਈ ਲਾਭ ਨਹੀਂ ਹੋ ਸਕਦਾ। ਇੱਥੇ ਵੀ ਉਹਨਾਂ ਦਾ ਜੋ ਅਰਥ ਹੈ ਉਹ ਐਨਾ ਭੈੜਾ ਨਹੀਂ ਜਿੰਨਾ ਦਿਖਾਈ ਦਿੰਦਾ ਹੈ। ਪ੍ਰਤੱਖ ਹੈ ਕਿ ਕਰਤਿਆਂ ਨੇ ਇਸ ਸਾਰੇ ਕੁੱਝ ਵੱਲ ਕਦੀ ਧਿਆਨ ਨਹੀਂ ਦਿੱਤਾ। ਪਰ ਮੰਦੇ ਭਾਗਾਂ ਨੂੰ ਉਹ ਸਾਧਾਰਨੀਕਰਣ ਲਈ ਆਪਣੇ ਜੋਸ਼ ਵਿੱਚ ਵਹਿ ਗਏ ਅਤੇ ਉਹਨਾਂ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਜੇਕਰ ਉਹਨਾਂ ਨੂੰ ਉਹਨਾਂ ਦੇ ਸ਼ਬਦਾਂ ਅਨੁਸਾਰ ਹੀ ਸਮਝਿਆ ਜਾਵੇ।

ਮੁਖਬੰਧ ਤੋਂ ਮਗਰੋਂ ਖ਼ੁਦ ਪ੍ਰੋਗਰਾਮ ਵਿੱਚ ਨਵੇਂ ਪਾਸ ਕੀਤੇ ਗਏ ਜ਼ਮੀਮੇ

ਆਉਂਦੇ ਹਨ। ਉਹ ਵੀ ਮੁਖਬੰਧ ਵਾਂਗ ਉਸੇ ਸਰਸਰੀ ਸੰਪਾਦਨ ਦੀ ਤਸਵੀਰ ਪੇਸ਼ ਕਰਦੇ ਹਨ।

ਇਸ ਗੱਲ ਦੀ ਵਿਵਸਥਾ ਕਰਨ ਵਾਲੀ ਧਾਰਾ ਕਿ ਭਾਈਚਾਰਿਆਂ ਨੂੰ ਖੇਤੀ ਦੀ ਮਸ਼ੀਨਰੀ ਹਾਸਲ ਕਰਨੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਲੱਗੀ ਕੀਮਤ ਉੱਤੇ ਚਕੋਤੇ ਤੇ ਦੇ ਦੇਣੀ ਚਾਹੀਦੀ ਹੈ, ਇਉਂ ਸੋਧੀ ਗਈ ਹੈ ਤਾਂ ਜੋ ਇਸ ਗੱਲ ਦੀ ਵਿਵਸਥਾ ਕੀਤੀ ਜਾਵੇ ਕਿ ਭਾਈਚਾਰੇ, ਸਭ ਤੋਂ ਪਹਿਲਾਂ, ਇਸ ਮੰਤਵ ਲਈ ਰਾਜਕੀ ਮੁਫ਼ਤ ਸਹਾਇਤਾ ਹਾਸਲ ਕਰਨ ਅਤੇ ਦੂਜੀ ਗੱਲ ਇਹ ਕਿ ਇਹ ਮਸ਼ੀਨਰੀ ਛੋਟੇ ਕਿਸਾਨਾਂ ਨੂੰ ਮੁਫ਼ਤ ਵਿੱਚ ਦਿੱਤੀ ਜਾਵੇ। ਇਹ ਵਾਫ਼ਰ ਰਿਆਇਤ ਦਾ ਛੋਟੇ ਕਿਸਾਨਾਂ ਨੂੰ ਕੋਈ ਬਹੁਤਾ ਲਾਭ ਨਹੀਂ ਹੋਵੇਗਾ ਜਿਨ੍ਹਾਂ ਦੇ ਖੇਤ ਅਤੇ ਪੈਦਾਵਾਰ ਦਾ ਢੰਗ ਮਸ਼ੀਨਰੀ ਦੀ ਵਰਤੋਂ ਦੀ ਆਗਿਆ ਨਹੀਂ ਦਿੰਦੇ।

ਇਸ ਤੋਂ ਅੱਗੇ,

"3000 ਫਰਾਂਕਾਂ ਤੋਂ ਉੱਪਰ ਸਾਰੀਆਂ ਆਮਦਨੀਆਂ ਉੱਤੇ ਇਸ ਸਮੇਂ ਮੌਜੂਦ ਸਾਰੇ ਸਿੱਧੇ ਤੇ ਅਸਿੱਧੇ ਟੈਕਸਾਂ ਦੀ ਥਾਂ ਉੱਤੇ ਇੱਕੋ ਇਕਹਿਰਾ ਅੱਗੇਵਧੂ ਟੈਕਸ ਲਿਆਉਣਾ।"

ਬਹੁਤ ਸਾਲਾਂ ਤੋਂ ਅਜਿਹੀ ਹੀ ਮੰਗ ਲਗਭਗ ਹਰ ਇੱਕ ਸੋਸ਼ਲ ਡੈਮੋਕਰੈਟਿਕ ਪ੍ਰੋਗਰਾਮ ਵਿੱਚ ਸ਼ਾਮਲ ਰਹੀ ਹੈ। ਪਰ ਇਹ ਗੱਲ ਨਵੀਂ ਹੈ ਕਿ ਇਹ ਮੰਗ ਛੋਟੇ ਕਿਸਾਨਾਂ ਦੇ ਵਿਸ਼ੇਸ਼ ਹਿੱਤਾਂ ਵਿੱਚ ਉਠਾਈ ਗਈ ਹੈ ਅਤੇ ਕੇਵਲ ਇਹ ਦਰਸਾਂਦੀ ਹੈ ਕਿ ਇਹਦੇ ਘੇਰੇ ਦਾ ਕਿੰਨਾ ਥੋੜ੍ਹਾ ਅਨੁਮਾਨ ਲਾਇਆ ਗਿਆ ਹੈ। ਬਰਤਾਨੀਆ ਦੀ ਹੀ ਮਿਸਾਲ ਲਵੋ। ਉੱਥੇ ਰਾਜਕੀ ਬਜਟ 9 ਕਰੋੜ ਪੌਂਡ ਸਟਰਲਿੰਗ ਬਣਦਾ ਹੈ, ਜਿਸ ਵਿੱਚੋਂ 1 ਕਰੋੜ 35 ਲੱਖ ਤੋਂ 1 ਕਰੋੜ 40 ਲੱਖ ਤੱਕ ਆਮਦਨੀ ਟੈਕਸ ਤੋਂ ਆਉਂਦੇ ਹਨ। ਪਰ ਬਾਕੀ ਦੇ 7 ਕਰੋੜ 60 ਲੱਖ ਪੌਂਡ ਸਟਰਲਿੰਗ ਦਾ ਛੁਟੇਰਾ ਭਾਗ ਟੈਕਸ ਲੱਗਣ ਵਾਲੇ ਕਾਰੋਬਾਰ (ਡਾਕ ਤੇ ਤਾਰ ਆਮਦਨੀ, ਟਿਕਟ ਟੈਕਸ) ਵੱਲੋਂ ਦਿੱਤਾ ਜਾਂਦਾ ਹੈ, ਪਰ ਆਮ ਤੌਰ ਤੇ ਵਡੇਰਾ ਭਾਗ ਆਮ ਖਪਤ ਦੀਆਂ ਚੀਜ਼ਾਂ ਉੱਤੇ ਲੱਗੇ ਟੈਕਸਾਂ ਰਾਹੀਂ, ਵਸੋਂ ਦੇ ਸਾਰੇ ਮੈਂਬਰਾਂ ਦੀਆਂ ਖ਼ਾਸ ਕਰਕੇ ਉਹਦੇ ਗ਼ਰੀਬ ਭਾਗਾਂ ਦੀਆਂ ਆਮਦਨੀਆਂ ਤੋਂ ਲਗਾਤਾਰ ਛੋਟੀਆਂ, ਬੇਮਲੂਮੀਆਂ ਵਾਰ ਵਾਰ ਕੀਤੀਆਂ ਕਟੌਤੀਆਂ ਰਾਹੀਂ ਪ੍ਰਾਪਤ ਹੁੰਦਾ ਹੈ। ਅਜੋਕੇ ਸਮਾਜ ਵਿੱਚ ਕਿਸੇ ਹੋਰ ਢੰਗ ਨਾਲ਼ ਰਾਜਕੀ ਖ਼ਰਚੇ ਤਾਰਨਾ ਸੰਭਵ ਨਹੀਂ ਹੈ। ਫ਼ਰਜ਼ ਕਰੋ ਕਿ 9 ਕਰੋੜ ਦੀ ਸਮੁੱਚੀ ਰਕਮ 120 ਪੌਂਡ ਸਟਰਲਿੰਗ ਜੋ ਕਿ 3000 ਹਜ਼ਾਰ ਫਰਾਂਕ ਦੇ ਬਰਾਬਰ ਹੋ ਜਾਂਦਾ ਹੈ, ਦੀ ਆਮਦਨੀ ਤੇ ਇਸ ਤੋਂ ਵੱਧ ਆਮਦਨੀਆਂ ਉੱਤੇ ਇੱਕ ਅੱਗੇ ਵਧੂ ਸਿੱਧੇ ਟੈਕਸ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਔਸਤ ਸਲਾਨਾ ਜੁੜਾਈ, ਸਮੁੱਚੀ ਕੌਮੀ ਦੌਲਤ ਦਾ

ਸਾਲਾਨਾ ਵਾਧਾ 1865 ਤੋਂ 1875 ਤੱਕ ਗਿਫੇਨ ਅਨੁਸਾਰ 24 ਕਰੋੜ ਪੌਂਡ ਸਟਰਲਿੰਗ ਸੀ। ਆਉ, ਅਸੀਂ ਇਹ ਫ਼ਰਜ਼ ਕਰੀਏ ਕਿ ਇਹ ਹੁਣ 30 ਕਰੋੜ ਸਾਲਾਨਾ ਦੇ ਬਰਾਬਰ ਹੋ ਗਈ ਹੈ। 9 ਕਰੋੜ ਦਾ ਟੈਕਸ ਦਾ ਬੋਝ ਸਮੁੱਚੀ ਜੁੜਾਈ ਦਾ ਲਗਭਗ ਇੱਕ ਤਿਹਾਈ ਖਾ ਜਾਵੇਗਾ। ਦੂਜੇ ਸ਼ਬਦਾਂ ਵਿੱਚ ਸਮਾਜਵਾਦੀ ਸਰਕਾਰ ਤੋਂ ਬਿਨਾਂ ਕੋਈ ਹੋਰ ਸਰਕਾਰ ਅਜਿਹੀ ਗੱਲ ਨਹੀਂ ਕਰ ਸਕਦੀ। ਜਦੋਂ ਸੋਸ਼ਲਿਸਟਾਂ ਦੇ ਹੱਥਾਂ ਵਿੱਚ ਹਕੂਮਤ ਹੋਵੇਗੀ ਤਾਂ ਉਹਨਾਂ ਦੇ ਕਰਨ ਵਾਲੀਆਂ ਬਹੁਤ ਸਾਰੀਆਂ ਗੱਲਾਂ ਹੋਣਗੀਆਂ ਜਿਨ੍ਹਾਂ ਵਿੱਚੋਂ ਟੈਕਸ ਸੁਧਾਰ ਉਸ ਸਮੇਂ ਦਾ ਨਿੱਕਾ ਜਿਹਾ, ਐਨ ਨਿਗੂਣਾ ਜਿਹਾ ਨਿਬੇੜਾ ਹੋਵੇਗਾ ਜਦੋਂ ਕਿ ਛੋਟੇ ਕਿਸਾਨਾਂ ਸਾਹਮਣੇ ਬਿਲਕੁਲ ਹੀ ਵੱਖਰੀਆਂ ਸੰਭਾਵਨਾਵਾਂ ਖੁੱਲ੍ਹ ਜਾਣਗੀਆਂ।

ਗੱਲ ਇਹ ਸਮਝ ਵਿੱਚ ਪੈਂਦੀ ਹੈ ਕਿ ਕਿਸਾਨਾਂ ਨੂੰ ਇਸ ਟੈਕਸ ਸੁਧਾਰ ਲਈ ਬੜੇ ਲੰਮੇ ਸਮੇਂ ਤੱਕ ਉਡੀਕ ਕਰਨੀ ਪਵੇਗੀ ਅਤੇ "ਇਸ ਦੌਰਾਨ" ਉਹਨਾਂ ਲਈ ਹੇਠਾਂ ਦੱਸੀ ਸੰਭਾਵਨਾ ਪੇਸ਼ ਕੀਤੀ ਗਈ ਹੈ:

"ਖ਼ੁਦ ਆਪਣੀ ਮਿਹਨਤ ਨਾਲ਼ ਗੁਜ਼ਾਰਾ ਕਰ ਰਹੇ ਸਾਰੇ ਕਿਸਾਨਾਂ ਦੀ ਜ਼ਮੀਨ ਉੱਤੇ ਟੈਕਸਾਂ ਦਾ ਖ਼ਾਤਮਾ ਅਤੇ ਗਿਰਵੀ ਰੱਖੇ ਗਏ ਸਾਰੇ ਟੁਕੜਿਆਂ ਉੱਤੇ ਇਹਨਾਂ ਟੈਕਸਾਂ ਦੀ ਕਟੌਤੀ।"

ਇਸ ਮੰਗ ਦਾ ਪਿਛਲਾ ਅੱਧ ਕੇਵਲ ਉਹਨਾਂ ਇੰਨੇ ਵੱਡੇ ਕਿਸਾਨ ਫ਼ਾਰਮਾਂ ਬਾਰੇ ਹੈ ਜਿਨ੍ਹਾਂ ਨੂੰ ਖ਼ੁਦ ਟੱਬਰ ਵੱਲੋਂ ਨਹੀਂ ਚਲਾਇਆ ਜਾ ਸਕਦਾ; ਇਸ ਲਈ ਇੱਕ ਵਾਰ ਫੇਰ ਇਹ ਧਾਰਾ ਉਹਨਾਂ ਕਿਸਾਨਾਂ ਦੇ ਪੱਖ ਵਿੱਚ ਹੈ ਜੋ "ਦਿਹਾੜੀਦਾਰਾਂ ਦੀ ਲੁੱਟਚੋਂਘ ਕਰਦੇ ਹਨ।"

ਹੋਰ ਵੇਖੋ।

"ਸਿਵਾਏ ਉਹਨਾਂ ਪਾਬੰਦੀਆਂ ਦੇ ਜੋ ਸ਼ਿਕਾਰ ਤੇ ਮੱਛੀਆਂ ਦੇ ਕਾਇਮ ਰੱਖਣ ਲਈ ਅਤੇ ਫ਼ਸਲਾਂ ਉਗਾਉਣ ਦੀ ਰਾਖੀ ਲਈ ਜ਼ਰੂਰੀ ਹੋਣਗੀਆਂ, ਸ਼ਿਕਾਰ ਖੇਡਣ ਤੇ ਮੱਛੀਆਂ ਫੜ੍ਹਨ ਦਾ ਬੇਰੋਕ-ਟੋਕ ਅਧਿਕਾਰ" ਹੋਵੇਗਾ।

ਇਹ ਗੱਲ ਬੜੀ ਹਰਮਨ ਪਿਆਰੀ ਜਾਪਦੀ ਹੈ, ਪਰ ਫ਼ਿਕਰੇ ਦਾ ਅੰਤਮ ਭਾਗ ਮੁੱਢਲੇ ਭਾਗ ਨੂੰ ਖ਼ਤਮ ਕਰ ਦਿੰਦਾ ਹੈ। ਸਾਰੀਆਂ ਪੇਂਡੂ ਥਾਵਾਂ ਉੱਤੇ ਅੱਜ ਇੱਕ ਕਿਸਾਨ ਟੱਬਰ ਪਿੱਛੇ ਕਿੰਨੇ ਖ਼ਰਗੋਸ਼, ਤਿੱਤਰ, ਪਾਈਕਾਂ ਤੇ ਕਾਰਪਾਂ ਹਨ ? ਕੀ ਤੁਸੀਂ ਆਖੋਗੇ ਕਿ ਉਹਨਾਂ ਦੀ ਗਿਣਤੀ ਹਰ ਕਿਸਾਨ ਨੂੰ ਸਾਲ ਵਿੱਚ ਇੱਕ ਵਾਰ ਸ਼ਿਕਾਰ ਖੇਡਣ ਦੀ ਖੁੱਲ੍ਹ ਦੇਣ ਨਾਲੋਂ ਵਧੇਰੇ ਹੈ ?

"ਸੂਦ ਦੀ ਕਾਨੂੰਨੀ ਤੇ ਰਵਾਇਤੀ ਦਰ ਨੂੰ ਘੱਟ ਕਰਨਾ"...

ਇਸ ਤਰ੍ਹਾਂ ਇਹ ਸੂਦਖ਼ੋਰੀ ਦੇ ਨਵੇਂ ਕਾਨੂੰਨ ਹਨ, ਸਖ਼ਤੀ ਦਾ ਇੱਕ ਨਵਾਂ

ਕਦਮ ਚਾਲੂ ਕਰਨ ਦਾ ਜਤਨ ਹੈ ਜੋ ਬੀਤੇ 2000 ਸਾਲਾਂ ਤੋਂ ਹਮੇਸ਼ਾਂ ਹੀ ਹਰ ਥਾਂ ਅਸਫ਼ਲ ਹੁੰਦਾ ਆਇਆ ਹੈ। ਜੇਕਰ ਛੋਟਾ ਕਿਸਾਨ ਆਪਣੇ ਆਪ ਨੂੰ ਇਸ ਪੁਜ਼ੀਸ਼ਨ ਵਿੱਚ ਵੇਖਦਾ ਹੈ ਕਿ ਸੂਦਖ਼ੋਰ ਦਾ ਸਹਾਰਾ ਲੈਣਾ ਉਸ ਲਈ ਘੱਟ ਬੁਰਾ ਹੈ ਤਾਂ ਸੂਦਖ਼ੋਰ ਸੂਦਖ਼ੋਰੀ ਸਬੰਧੀ ਕਾਨੂੰਨਾਂ ਦੀ ਉਲੰਘਣਾ ਕੀਤੇ ਬਿਨਾਂ ਉਸ ਦੇ ਲਹੂ ਦਾ ਆਖ਼ਰੀ ਤੁਪਕਾ ਨਿਚੋੜਨ ਦੇ ਢੰਗ ਤੇ ਤਰੀਕੇ ਹਮੇਸ਼ਾਂ ਹੀ ਲੱਭ ਲਵੇਗਾ। ਇਹ ਕਦਮ ਵੱਧ ਤੋਂ ਵੱਧ ਛੋਟੇ ਕਿਸਾਨ ਨੂੰ ਕੇਵਲ ਤਸੱਲੀ ਹੀ ਦੇ ਸਕਦਾ ਹੈ, ਪਰ ਉਹਨੂੰ ਇਸ ਤੋਂ ਕੋਈ ਲਾਭ ਨਹੀਂ ਮਿਲੇਗਾ, ਇਹਦੇ ਉਲਟ ਇਹ ਉਸ ਲਈ ਐਨ ਉਦੋਂ ਉਧਾਰ ਲੈਣਾ ਜਦੋਂ ਉਹਨੂੰ ਇਹਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਵਧੇਰੇ ਮੁਸ਼ਕਲ ਬਣਾ ਦੇਵੇਗਾ।

"ਡਾਕਟਰੀ ਸੇਵਾ ਮੁਫ਼ਤ ਤੇ ਦਵਾਈਆਂ ਲੱਗੇ ਮੁੱਲ"—

ਇਹ ਗੱਲ ਕਿਸੇ ਤਰ੍ਹਾਂ ਕਿਸਾਨਾਂ ਦੀ ਵਿਸ਼ੇਸ਼ ਰਾਖੀ ਦਾ ਕਦਮ ਨਹੀਂ ਹੈ। ਜਰਮਨ ਪ੍ਰੋਗਰਾਮ ਇਸ ਨਾਲੋਂ ਅੱਗੇ ਜਾਂਦਾ ਹੈ ਅਤੇ ਇਹ ਮੰਗ ਕਰਦਾ ਹੈ ਕਿ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

"ਫ਼ੌਜੀ ਡਿਊਟੀ ਲਈ ਬੁਲਾਏ ਗਏ ਰੀਜ਼ਰਵਿਸਟਾਂ ਦੇ ਟੱਬਰਾਂ ਲਈ ਉਹਨਾਂ ਦੀ ਸੇਵਾ ਦੇ ਸਮੇਂ ਲਈ ਮੁਆਵਜ਼ਾ" — ਇਹ ਜਰਮਨੀ ਤੇ ਆਸਟਰੀਆ ਵਿੱਚ ਪਹਿਲਾਂ ਮੌਜੂਦ ਹੈ ਭਾਵੇਂ ਇਹ ਬਹੁਤ ਹੀ ਨਾਕਾਫ਼ੀ ਹੈ, ਅਤੇ ਇਸ ਲਈ ਇਹ ਕੋਈ ਵਿਸ਼ੇਸ਼ ਕਿਸਾਨ ਮੰਗ ਨਹੀਂ ਹੈ।

"ਖਾਦਾਂ ਤੇ ਫ਼ਾਰਮ ਦੀ ਮਸ਼ੀਨਰੀ ਅਤੇ ਉਪਜਾਂ ਲਈ ਟਰਾਂਸਪੋਰਟ ਦੇ ਖ਼ਰਚੇ ਘੱਟ ਕਰਨਾ"—

ਇਹ ਸਮੁੱਚੇ ਤੌਰ ਤੇ ਜਰਮਨੀ ਵਿੱਚ ਲਾਗੂ ਹੈ ਅਤੇ ਮੁੱਖ ਰੂਪ ਵਿੱਚ—ਵੱਡੇ ਜ਼ਮੀਨਦਾਰਾਂ ਦੇ ਹਿੱਤਾਂ ਵਿੱਚ ਹੈ।

"ਜ਼ਮੀਨ ਨੂੰ ਸੁਧਾਰਨ ਲਈ ਅਤੇ ਜ਼ਰਾਇਤੀ ਪੈਦਾਵਾਰ ਦੇ ਵਿਕਾਸ ਲਈ ਪਬਲਿਕ ਵਰਕਸ ਦੀ ਇੱਕ ਯੋਜਨਾ ਦੀ ਵਿਆਖਿਆ ਲਈ ਫ਼ੌਰੀ ਤਿਆਰੀ ਦਾ ਕੰਮ" —

ਸਭ ਕੁੱਝ ਬੇਯਕੀਨੇਪਣ ਦੀ ਅਤੇ ਖ਼ੂਬਸੂਰਤ ਵਾਇਦਿਆਂ ਦੀ ਹਾਲਤ ਵਿੱਚ ਛੱਡਦਾ ਹੈ ਅਤੇ ਸਭ ਤੋਂ ਵੱਧ ਵੱਡੀ ਜ਼ਮੀਨੀ ਜਾਇਦਾਦਾਂ ਦੇ ਹਿੱਤ ਵਿੱਚ ਹੈ।

ਗੱਲ ਕੀ ਮੁਖਬੰਧ ਵਿੱਚ ਦਰਸਾਏ ਗਏ ਬਹੁਤ ਵੱਡੇ ਸਿਧਾਂਤਕ ਜਤਨ ਤੋਂ ਮਗਰੋਂ ਨਵੇਂ ਜ਼ਰੱਈ ਪ੍ਰੋਗਰਾਮ ਦੇ ਅਮਲੀ ਸੁਝਾਅ ਉਸ ਢੰਗ ਉੱਤੋਂ ਹੋਰ ਵੀ ਜ਼ਿਆਦਾ ਪਰਦਾ ਚੁੱਕਦੇ ਹਨ ਜਿਸ ਨਾਲ਼ ਫ਼ਰਾਂਸੀਸੀ ਮਜ਼ਦੂਰ ਪਾਰਟੀ ਛੋਟੇ ਕਿਸਾਨਾਂ ਦਾ ਉਹਨਾਂ ਦੀ ਥੋੜ੍ਹੀ ਜ਼ਮੀਨ ਉੱਤੇ ਕਬਜ਼ਾ ਰੱਖਣ ਦੇ ਸਮਰੱਥ ਬਣਾਉਣ ਦੀ ਆਸ ਕਰਦੀ ਹੈ, ਜਿਹੜੇ ਕਿਸਾਨ ਕਿ ਉਹਦੀ ਆਪਣੀ ਗਵਾਹੀ ਅਨੁਸਾਰ ਅਟੱਲ ਰੂਪ

ਵਿੱਚ ਤਬਾਹ ਹੋ ਜਾਣਗੇ।

## II

ਇਸ ਨੁਕਤੇ ਵਿੱਚ ਸਾਡੇ ਫ਼ਰਾਂਸੀਸੀ ਸਾਥੀ ਬਿਲਕੁਲ ਦਰੁਸਤ ਹਨਃ ਛੋਟੇ ਕਿਸਾਨ ਦੀ ਮਰਜ਼ੀ ਦੇ ਵਿਰੁੱਧ ਫ਼ਰਾਂਸ ਵਿੱਚ ਕੋਈ ਸਦੀਵੀ ਇਨਕਲਾਬੀ ਤਬਦੀਲੀ ਸੰਭਵ ਨਹੀਂ। ਜੇਕਰ ਉਹਨਾਂ ਦਾ ਮੰਤਵ ਕਿਸਾਨ ਨੂੰ ਆਪਣੇ ਅਸਰ ਥੱਲੇ ਲਿਆਉਣ ਦਾ ਹੈ ਤਾਂ ਮੈਨੂੰ ਇਉਂ ਜਾਪਦਾ ਹੈ ਕਿ ਉਹਨਾਂ ਕੋਲ ਅਜੇ ਦਰੁਸਤ ਤੁੱਲ ਨਹੀਂ ਹੈ।

ਇਉਂ ਜਾਪਦਾ ਹੈ ਕਿ ਉਹ ਕਿਸਾਨ ਨੂੰ ਹੁਣੇ ਹੀ, ਸੰਭਵਤਾ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ ਆਪਣੇ ਪੱਖ ਵਿੱਚ ਜਿੱਤਣ ਲਈ ਦ੍ਰਿੜ ਹਨ। ਇਹਦੀ ਪ੍ਰਾਪਤੀ ਦੀ ਆਸ ਉਹ ਕੇਵਲ ਬਹੁਤ ਹੀ ਖ਼ਤਰਿਆਂ ਭਰੀਆਂ ਆਮ ਯਕੀਨਦਹਾਨੀਆਂ ਰਾਹੀਂ ਹੀ ਕਰ ਸਕਦੇ ਹਨ ਜਿਨ੍ਹਾਂ ਯਕੀਨਦਹਾਨੀਆਂ ਦੀ ਰਾਖੀ ਵਿੱਚ ਉਹਨਾਂ ਨੂੰ ਹੋਰ ਵੀ ਕਿਤੇ ਵਧੇਰੇ ਖ਼ਤਰਿਆਂ ਭਰੇ ਸਿਧਾਂਤਕ ਵਿਚਾਰ ਪੇਸ਼ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਫੇਰ ਨੇੜਵੀਂ ਘੋਖ ਕਰਨ ਮਗਰੋਂ, ਗੱਲ ਇਹ ਜਾਪਦੀ ਹੈ ਕਿ ਆਮ ਯਕੀਨਦਹਾਨੀਆਂ ਆਪਾ-ਵਿਰੋਧੀ ਹਨ (ਅਜਿਹੀ ਹਾਲਤ ਕਾਇਮ ਰੱਖਣ ਦਾ ਵਚਨ ਜੋ, ਉਹਦੇ ਆਪਣੇ ਐਲਾਨ ਅਨੁਸਾਰ ਅਟੱਲ ਰੂਪ ਵਿੱਚ ਤਬਾਹ ਹੋਣ ਵਾਲੀ ਹੈ) ਅਤੇ ਕਿ ਵੱਖ ਵੱਖ ਕਦਮ ਜਾਂ ਤਾਂ ਸਮੁੱਚੇ ਤੌਰ ਤੇ ਬੇਅਸਰ ਹਨ (ਸੂਦਖ਼ੋਰੀ ਬਾਰੇ ਕਾਨੂੰਨ) ਜਾਂ ਮਜ਼ਦੂਰਾਂ ਦੀਆਂ ਆਮ ਮੰਗਾਂ ਹਨ ਜਾਂ ਅਜਿਹੀਆਂ ਮੰਗਾਂ ਹਨ ਜੋ ਵੱਡੇ ਜ਼ਿਮੀਂਦਾਰਾਂ ਦੇ ਲਾਭ ਵਿੱਚ ਹਨ ਜਾਂ ਅੰਤਮ ਰੂਪ ਵਿੱਚ ਅਜਿਹੀਆਂ ਹਨ ਜਿੰਨ੍ਹਾਂ ਦੀ ਛੋਟੇ ਕਿਸਾਨਾਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਵਿੱਚ ਕਿਸੇ ਤਰ੍ਹਾਂ ਵੀ ਭਾਰੀ ਅਹਿਮੀਅਤ ਨਹੀਂ। ਨਤੀਜੇ ਵਜੋਂ ਪ੍ਰੋਗਰਾਮ ਦਾ ਸਿੱਧੇ ਤੌਰ ਤੇ ਅਮਲੀ ਭਾਗ ਮੁੱਢਲੇ ਗ਼ਲਤ ਭਾਗ ਨੂੰ ਆਪਣੇ ਆਪ ਹੀ ਦਰੁਸਤ ਕਰ ਦਿੰਦਾ ਹੈ ਅਤੇ ਮੁਖਬੰਧ ਦੀ ਪ੍ਰਤੱਖ ਰੂਪ ਵਿੱਚ ਧੜੱਲੇਦਾਰ ਲਫ਼ਾਜ਼ੀ ਨੂੰ ਅਸਲ ਵਿੱਚ ਬਿਲਕੁਲ ਸਾਧਾਰਨ ਬਣਾ ਦਿੰਦਾ ਹੈ।

ਆਉ, ਅਸੀਂ ਸਿੱਧੇ ਤੌਰ ਤੇ ਇਹ ਆਖ ਦੇਈਏਃ ਉਹਨਾਂ ਦੀ ਸਮੁੱਚੀ ਆਰਥਕ ਪੁਜ਼ੀਸ਼ਨ ਤੋਂ, ਉਹਨਾਂ ਦੀ ਪਰਵਰਿਸ਼ ਤੇ ਉਹਨਾਂ ਦੀ ਨਿਵੇਕਲੀ ਜੀਵਨ ਜਾਚ ਤੋਂ ਪੈਦਾ ਹੋਣ ਵਾਲੇ ਤੁਅਸਬਾਂ ਦੀ, ਅਜਿਹੇ ਤੁਅੱਸਬਾਂ ਦੀ ਜਿਹੜੇ ਬੁਰਜੂਆ ਪ੍ਰੈੱਸ ਅਤੇ ਵੱਡੇ ਜ਼ਿਮੀਂਦਾਰਾਂ ਨੇ ਪੈਦਾ ਕੀਤੇ ਹਨ, ਸੂਰਤ ਵਿੱਚ ਅਸੀਂ ਛੋਟੇ ਕਿਸਾਨਾਂ ਦੇ ਸਮੂਹ ਨੂੰ ਤੁਰੰਤ ਹੀ ਕੇਵਲ ਇਸ ਸੂਰਤ ਵਿੱਚ ਜਿੱਤ ਸਕਦੇ ਹਾਂ ਜੇਕਰ ਅਸੀਂ ਉਹਨਾਂ ਨਾਲ਼ ਅਜਿਹਾ ਵਾਇਦਾ ਕਰੀਏ ਜਿਸ ਬਾਰੇ ਅਸੀਂ ਆਪ ਜਾਣਦੇ ਹਾਂ ਕਿ ਅਸੀਂ ਉਹਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹੋਵਾਂਗੇ। ਭਾਵ ਸਾਨੂੰ ਕੇਵਲ ਹਰ ਹਾਲਤ

ਵਿੱਚ ਉਹਨਾਂ ਉੱਤੇ ਚੜ੍ਹੀਆਂ ਆ ਰਹੀਆਂ ਸਾਰੀਆਂ ਆਰਥਕ ਤਾਕਤਾਂ ਵਿਰੁੱਧ ਉਹਨਾਂ ਦੀ ਜਾਇਦਾਦ ਦੀ ਰਾਖੀ ਕਰਨ ਦਾ ਹੀ ਨਹੀਂ ਸਗੋਂ ਉਹਨਾਂ ਨੂੰ ਹੁਣ ਤੰਗ ਕਰ ਰਹੇ ਬੋਝਾਂ ਤੋਂ ਛੁਟਕਾਰਾ ਦਵਾਉਣ ਦਾ, ਮੁਜ਼ਾਰੇ ਨੂੰ ਆਜ਼ਾਦ ਮਾਲਕ ਬਣਾਉਣ ਦਾ, ਆਪਣੀ ਗਿਰਵੀ ਦੇ ਬੋਝ ਹੇਠਾਂ ਪਿਸ ਰਹੇ ਮਾਲਕ ਦੇ ਕਰਜ਼ੇ ਅਦਾ ਕਰਨ ਦਾ ਵੀ ਵਾਇਦਾ ਕਰਨਾ ਚਾਹੀਦਾ ਹੈ। ਜੇਕਰ ਅਸੀਂ ਇਹ ਕਰ ਸਕਾਂਗੇ ਤਾਂ ਅਸੀਂ ਇੱਕ ਵਾਰ ਫੇਰ ਉਸੇ ਹੀ ਨੁਕਤੇ ਉੱਤੇ ਪੁੱਜ ਜਾਵਾਂਗੇ ਜਿੱਥੋਂ ਵਰਤਮਾਨ ਸਥਿਤੀ ਜ਼ਰੂਰੀ ਤੌਰ ਤੇ ਨਵੇਂ ਸਿਰਿਉਂ ਵਿਕਾਸ ਕਰੇਗੀ। ਅਸੀਂ ਕਿਸਾਨ ਦੀ ਬੰਦਖ਼ਲਾਸੀ ਨਹੀਂ ਕਰਾਈ ਹੋਵੇਗੀ ਸਗੋਂ ਉਹਨੂੰ ਕੇਵਲ ਥੋੜ੍ਹੀ ਮੋਹਲਤ ਹੀ ਦਿੱਤੀ ਹੋਵੇਗੀ।

ਪਰ ਇਹ ਗੱਲ ਸਾਡੇ ਹਿੱਤਾਂ ਨੂੰ ਨਹੀਂ ਹੈ ਕਿ ਅਸੀਂ ਫ਼ੌਰੀ ਤੌਰ ਤੇ ਕਿਸਾਨ ਨੂੰ ਜਿੱਤ ਤਾਂ ਲਈਏ, ਪਰ ਅਗਲੀ ਸਵੇਰ ਉਹਨੂੰ ਗੁਆ ਬੈਠੀਏ ਜੇਕਰ ਅਸੀਂ ਆਪਣੇ ਵਾਇਦੇ ਪੂਰੇ ਨਾ ਕਰ ਸਕੀਏ। ਸਾਡੇ ਲਈ ਕਿਸਾਨ ਦਾ ਇੱਕ ਪਾਰਟੀ ਮੈਂਬਰ ਵਜੋਂ ਕੋਈ ਲਾਭ ਨਹੀਂ ਜੇ ਉਹ ਸਾਥੋਂ ਇਹ ਆਸ ਰੱਖਦਾ ਹੈ ਕਿ ਉਹਦੀ ਥੋੜ੍ਹੀ ਜਿਹੀ ਜ਼ਮੀਨ ਵਿੱਚ ਉਹਦੀ ਜਾਇਦਾਦ ਸਦੀਵੀ ਬਣਾ ਦਿੱਤੀ ਜਾਵੇਗੀ ਜਿਵੇਂ ਕਿ ਉਹ ਛੋਟੇ ਦਸਤਕਾਰ ਦਾ ਕੋਈ ਲਾਭ ਨਹੀਂ ਜੋ ਸਦੀਵੀ ਤੌਰ ਤੇ ਮਾਲਕ ਬਣਨ ਲਈ ਉਤਾਵਲਾ ਹੈ। ਇਹ ਲੋਕ ਸੇਮਾਈਟ ਵਿਰੋਧੀਆਂ ਨਾਲ਼ ਸੰਬੰਧ ਰੱਖਦੇ ਹਨ। ਇਹਨਾਂ ਨੂੰ ਉਹਨਾਂ ਕੋਲ ਜਾਣ ਦਿਉ ਅਤੇ ਉਹਨਾਂ ਨੂੰ ਇਹਨਾਂ ਦੇ ਛੋਟੇ ਉੱਦਮਾਂ ਨੂੰ ਬਚਾਉਣ ਦਾ ਵਾਇਦਾ ਕਰਨ ਦਿਉ। ਇੱਕ ਵਾਰ ਜਦੋਂ ਇਹਨਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਇਹਨਾਂ ਸੁਹਣੇ ਸੁਹਣੇ ਸ਼ਬਦਾਂ ਦੀ ਅਸਲੀਅਤ ਕੀ ਹੈ ਅਤੇ ਸੇਮੀਟਿਕ ਵਿਰੋਧ ਦੇ ਸਵਰਗ ਵਿੱਚੋਂ ਕਿਹੋ ਜਿਹੀਆਂ ਰਾਗਣੀਆਂ ਸੁਣਾਈ ਦਿੰਦੀਆਂ ਹਨ ਤਾਂ ਉਹਨਾਂ ਨੂੰ ਇਸ ਗੱਲ ਦੀ ਵਧੇਰੇ ਸਮਝ ਪਵੇਗੀ ਕਿ ਅਸੀਂ, ਜਿਹੜੇ ਘੱਟ ਵਾਇਦੇ ਕਰਦੇ ਹਾਂ ਅਤੇ ਬਿਲਕੁਲ ਹੀ ਵੱਖਰੇ ਹਲਕਿਆਂ ਵਿੱਚ ਮੁਕਤੀ ਦੀ ਤਲਾਸ਼ ਕਰਦੇ ਹਾਂ, ਅਖ਼ੀਰ ਸਭ ਤੋਂ ਵਧੇਰੇ ਭਰੋਸੇਯੋਗ ਲੋਕ ਹਾਂ। ਜੇਕਰ ਫ਼ਰਾਂਸੀਸੀਆਂ ਕੋਲ ਸੈਮੀਟਿਕ ਵਿਰੋਧੀ ਕੁਰਖ਼ਤ ਲਫ਼ਾਜ਼ੀ ਹੁੰਦੀ ਤਾਂ ਉਹਨਾਂ ਨੇ ਨਾਨਤੇਸ ਵਾਲੀ ਗ਼ਲਤੀ ਨਾ ਕੀਤੀ ਹੁੰਦੀ।

ਤਾਂ ਫੇਰ ਛੋਟੀ ਕਿਸਾਨੀ ਵੱਲ ਸਾਡਾ ਰਵੱਈਆ ਕੀ ਹੈ? ਸਾਡੇ ਸੱਤਾ ਵਿੱਚ ਆਉਣ ਵਾਲੇ ਦਿਨ ਅਸੀਂ ਇਸ ਨਾਲ਼ ਕਿਵੇਂ ਵਰਤਾਉ ਕਰਾਂਗੇ?

ਪਹਿਲੀ ਗੱਲ, ਫ਼ਰਾਂਸੀਸੀ ਪ੍ਰੋਗਰਾਮ ਇਸ ਗੱਲ ਵਿਚ ਬਿਲਕੁਲ ਦਰੁਸਤ ਹੈਃ ਕਿ ਅਸੀਂ ਭਵਿੱਖ ਵਿੱਚ ਛੋਟੇ ਕਿਸਾਨ ਦੀ ਅਟੱਲ ਤਬਾਹੀ ਵੇਖ ਰਹੇ ਹਾਂ, ਪਰ ਸਾਡੇ ਵੱਲੋਂ ਕੋਈ ਦਖ਼ਲਅੰਦਾਜੀ ਕਰਕੇ ਇਹਨੂੰ ਛੇਤੀ ਲਿਆਉਣਾ ਸਾਡਾ ਮਿਸ਼ਨ ਨਹੀਂ ਹੈ।

ਦੂਜੀ ਗੱਲ, ਇਹ ਗੱਲ ਵੀ ਉਨੀ ਪ੍ਰਤੱਖ ਹੈ ਕਿ ਜਦੋਂ ਅਸੀਂ ਰਾਜਕੀ ਸੱਤਾ ਉੱਤੇ ਕਾਬਜ਼ ਹੋ ਜਾਵਾਂਗੇ ਤਾਂ ਅਸੀਂ ਛੋਟੇ ਕਿਸਾਨਾਂ ਤੋਂ ਜ਼ਬਰਦਸਤੀ ਜਾਇਦਾਦ ਲੈਣ (ਭਾਵੇਂ ਇਹ ਮੁਆਵਜ਼ੇ ਨਾਲ਼ ਹੋਵੇ, ਭਾਵੇਂ ਬਿਨਾਂ ਮੁਆਵਜ਼ੇ ਦੇ ਹੋਵੇ) ਬਾਰੇ ਸੋਚ ਤੱਕ ਵੀ ਨਹੀਂ ਸਕਾਂਗੇ, ਜਦੋਂ ਕਿ ਸਾਨੂੰ ਵੱਡੇ ਜ਼ਿਮੀਂਦਾਰਾਂ ਤੋਂ ਜਾਇਦਾਦ ਖੋਹਣੀ ਪਵੇਗੀ। ਛੋਟੇ ਕਿਸਾਨ ਸੰਬੰਧੀ ਸਾਡਾ ਕੰਮ, ਸਭ ਤੋਂ ਪਹਿਲਾਂ ਉਹਦੇ ਨਿੱਜੀ ਉੱਦਮ ਨੂੰ ਤੇ ਨਿੱਜੀ ਮਾਲਕੀ ਨੂੰ ਸਹਿਕਾਰੀ ਮਲਕੀਅਤ ਵਿੱਚ ਬਦਲਣ ਦਾ ਹੈ ਜੋ ਕਿ ਜ਼ਬਰਦਸਤੀ ਨਹੀਂ ਸਗੋਂ ਮਿਸਾਲ ਰਾਹੀਂ ਅਤੇ ਇਸ ਮੰਤਵ ਲਈ ਸਮਾਜਕ ਸਹਾਇਤਾ ਦੀ ਦੇਣ ਰਾਹੀਂ ਕੀਤਾ ਜਾਵੇਗਾ। ਅਤੇ ਤਦੋਂ ਸਾਡੇ ਕੋਲ ਛੋਟੇ ਕਿਸਾਨ ਨੂੰ ਭਵਿੱਖੀ ਲਾਭ ਜੋ ਅੱਜ ਵੀ ਉਹਨੂੰ ਪ੍ਰਤੱਖ ਹੋਣੇ ਚਾਹੀਦੇ ਹਨ, ਦਰਸਾਉਣ ਦੇ ਖੁੱਲ੍ਹੇ ਸਾਧਨ ਹੋਣਗੇ।

ਲਗਭਗ 20 ਸਾਲ ਪਹਿਲਾਂ ਡੈਨਿਸ਼ ਸੋਸ਼ਲਿਸਟ, ਜਿਨ੍ਹਾਂ ਕੋਲ ਆਪਣੇ ਦੇਸ਼ ਵਿੱਚ ਕੇਵਲ ਇੱਕੋ ਅਸਲੀ ਸ਼ਹਿਰ—ਕੋਪਨਹੈਗਨ— ਹੈ, ਅਤੇ ਇਸੇ ਲਈ ਉਹਨਾਂ ਨੂੰ ਇਸ ਤੋਂ ਬਾਹਰ ਲਗਭਗ ਸਮੁੱਚੇ ਰੂਪ ਵਿੱਚ ਕਿਸਾਨ ਪ੍ਰਚਾਰ ਉੱਤੇ ਹੀ ਟੇਕ ਰੱਖਣੀ ਪੈਂਦੀ ਹੈ, ਅਜਿਹੀਆਂ ਯੋਜਨਾਵਾਂ ਤਿਆਰ ਕਰ ਰਹੇ ਸਨ। ਇੱਕ ਪਿੰਡ ਜਾਂ ਪਾਰਿਸ਼—ਡੈਨਮਾਰਕ ਵਿੱਚ ਬਹੁਤ ਸਾਰੇ ਵੱਡੇ-ਵੱਡੇ ਵਿਅਕਤੀਗਤ ਘਰਾਣੇ ਹਨ— ਦੇ ਕਿਸਾਨਾਂ ਨੇ ਆਪਣੀ ਜ਼ਮੀਨ ਇੱਕ ਥਾਂ ਕਰਨੀ ਹੈ ਤਾਂ ਜੋ ਸਾਂਝੇ ਰੂਪ ਵਿੱਚ ਇਹਦੀ ਕਾਸ਼ਤ ਕਰਨ ਲਈ ਇੱਕ ਇਕਹਿਰਾ ਵੱਡਾ ਫ਼ਾਰਮ ਬਣਾਇਆ ਜਾ ਸਕੇ ਅਤੇ ਫੇਰ ਉਹਦੀ ਉਪਜ ਦਿੱਤੀ ਗਈ ਜ਼ਮੀਨ, ਧਨ ਅਤੇ ਕਿਰਤ ਦੇ ਹਿੱਸੇ ਮੁਤਾਬਕ ਵੰਡੀ ਜਾਵੇਗੀ। ਡੈਨਮਾਰਕ ਵਿੱਚ ਛੋਟੀ ਜ਼ਮੀਨੀ ਜਾਇਦਾਦ ਕੇਵਲ ਸਹਾਇਕ ਰੋਲ ਹੀ ਅਦਾ ਕਰਦੀ ਹੈ। ਪਰ ਜੇਕਰ ਅਸੀਂ ਇਸ ਵਿਚਾਰ ਨੂੰ ਛੋਟੀਆਂ ਜ਼ਮੀਨੀ ਮਲਕੀਅਤਾਂ ਵਾਲੇ ਖੇਤਰ ਉੱਤੇ ਲਾਗੂ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਜੇਕਰ ਇਹਨਾਂ ਨੂੰ ਇੱਕ ਥਾਂ ਕਰ ਲਿਆ ਜਾਵੇ ਤੇ ਸਮੁੱਚੇ ਰਕਬੇ ਦੀ ਵੱਡੇ ਪੱਧਰ ਉੱਤੇ ਕਾਸ਼ਤ ਕੀਤੀ ਜਾਵੇ ਤਾਂ ਇਸ ਵਿੱਚ ਲੱਗੀ ਕਿਰਤ ਸ਼ਕਤੀ ਦਾ ਇੱਕ ਹਿੱਸਾ ਫ਼ਾਲਤੂ ਹੋ ਜਾਵੇਗਾ। ਇਹ ਐਨ ਕਿਰਤ ਦੀ ਇਹੋ ਬੱਚਤ ਹੈ ਜੋ ਵੱਡੇ ਪੈਮਾਨੇ ਦੀ ਖੇਤੀ ਦੇ ਮੁੱਖ ਲਾਭਾਂ ਵਿੱਚੋਂ ਇੱਕ ਹੈ। ਇਸ ਕਿਰਤ ਸ਼ਕਤੀ ਲਈ ਰੁਜ਼ਗਾਰ ਦੋ ਢੰਗਾਂ ਨਾਲ਼ ਲੱਭਿਆ ਜਾ ਸਕਦਾ ਹੈ। ਜਾਂ ਤਾਂ ਗੁਆਂਢ ਦੀਆਂ ਵੱਡੀਆਂ ਜਾਇਦਾਦਾਂ ਤੋਂ ਵਾਫ਼ਰ ਜ਼ਮੀਨ ਲੈ ਕੇ ਕਿਸਾਨ ਸਹਿਕਾਰੀ ਸਭਾ ਨੂੰ ਦਿੱਤੀ ਜਾਵੇ ਜਾਂ ਸਬੰਧਤ ਕਿਸਾਨਾਂ ਨੂੰ, ਮੁੱਖ ਰੂਪ ਵਿੱਚ ਤੇ ਜਿੱਥੋਂ ਤੱਕ ਸੰਭਵ ਹੋ ਸਕੇ, ਉਹਨਾਂ ਦੀ ਆਪਣੀ ਵਰਤੋਂ ਲਈ ਇੱਕ ਸਹਾਇਕ ਪੇਸ਼ੇ ਵਜੋਂ ਸਨਅਤ ਵਿੱਚ ਕੰਮ ਕਰਨ ਦੇ ਸਾਧਨ ਅਤੇ ਮੌਕੇ ਮੁਹੱਈਆ ਕੀਤੇ ਜਾਣ। ਹਰ ਹਾਲਤ ਵਿੱਚ ਉਹਨਾਂ ਦੀ ਆਰਥਕ ਪੁਜ਼ੀਸ਼ਨ ਬਿਹਤਰ ਹੋ ਜਾਵੇਗੀ

ਅਤੇ ਇਹਦੇ ਨਾਲ਼ ਹੀ ਸਮਾਜਕ ਨਿਰਦੇਸ਼ਨ ਕਰਨ ਵਾਲੀ ਆਮ ਏਜੰਸੀ ਲਈ ਕਿਸਾਨ ਸਹਿਕਾਰੀ ਸਭਾ ਨੂੰ ਉਚੇਰੇ ਰੂਪ ਵਿੱਚ ਪਲਟਣ ਲਈ ਅਤੇ ਸਮੁੱਚੇ ਤੌਰ ਤੇ ਸਹਿਕਾਰੀ ਸਭਾ ਦੇ ਅਤੇ ਉਹਦੇ ਵਿਅਕਤੀਗਤ ਮੈਂਬਰਾਂ ਦੇ ਅਧਿਕਾਰ ਦੇ ਕਰਤਵ ਸਮੁੱਚੇ ਭਾਈਚਾਰੇ ਦੇ ਦੂਜੇ ਵਿਭਾਗਾਂ ਦੇ ਅਧਿਕਾਰਾਂ ਤੇ ਕਰਤਵਾਂ ਦੇ ਬਰਾਬਰ ਕਰਨ ਲਈ ਲੋੜੀਂਦਾ ਪ੍ਰਭਾਵ ਯਕੀਨੀ ਬਣਾਇਆ ਜਾਵੇਗਾ। ਹਰ ਇੱਕ ਵਿਸ਼ੇਸ਼ ਮਾਮਲੇ ਵਿੱਚ ਇਹਨੂੰ ਅਮਲ ਵਿੱਚ ਕਿਵੇਂ ਲਿਆਂਦਾ ਜਾਵੇਗਾ, ਇਹ ਗੱਲ ਮਾਮਲੇ ਦੇ ਹਾਲਾਤ ਉੱਤੇ ਅਤੇ ਉਹਨਾਂ ਹਾਲਤਾਂ ਉੱਤੇ ਨਿਰਭਰ ਕਰਦੀ ਹੈ ਜਿੰਨ੍ਹਾਂ ਅਧੀਨ ਅਸੀਂ ਰਾਜਨੀਤਕ ਸੱਤਾ ਉੱਤੇ ਕਬਜ਼ਾ ਕਰਦੇ ਹਾਂ। ਇਸ ਤਰ੍ਹਾਂ ਸੰਭਵਤਾ ਅਸੀਂ ਇਹਨਾਂ ਸਹਿਕਾਰੀ ਸਭਾਵਾਂ ਨੂੰ ਇੱਕ ਹੋਰ ਲਾਭ ਪੇਸ਼ ਕਰਨ ਦੀ ਪੁਜ਼ੀਸ਼ਨ ਵਿੱਚ ਹੋਵਾਂਗੇ: ਉਹਨਾਂ ਦੇ ਸਮੁੱਚੇ ਗਿਰਵੀ ਕਰਜ਼ੇ ਨੂੰ ਕੌਮੀ ਬੈਂਕ ਵੱਲੋਂ ਆਪਣੇ ਸਿਰ ਲੈਣਾ ਜਿਸ ਦੇ ਨਾਲ਼ ਹੀ ਸੂਦ ਦੀ ਦਰ ਵਿੱਚ ਤਿੱਖੀ ਕਟੌਤੀ ਕਰਨਾ; ਵੱਡੇ ਪੈਮਾਨੇ ਦੀ ਪੈਦਾਵਾਰ ਦੀ ਸਥਾਪਨਾ ਲਈ ਜਨਤਕ ਫ਼ੰਡਾਂ ਤੋਂ ਪੇਸ਼ਗੀਆਂ ਲੈਣਾ (ਜੋ ਜ਼ਰੂਰੀ ਤੌਰ ਤੇ ਮੁੱਖ ਰੂਪ ਵਿੱਚ ਧਨ ਵਿੱਚ ਨਹੀਂ ਸਗੋਂ ਲੋੜੀਂਦੀਆਂ ਉਪਜਾਂ ਦੇ—ਮਸ਼ੀਨਰੀ, ਬਣਾਉਟੀ ਖਾਦਾਂ ਆਦਿ ਦੇ—ਰੂਪ ਵਿੱਚ ਹੋਵੇਗੀ), ਅਤੇ ਦੂਜੇ ਲਾਭ ਪ੍ਰਾਪਤ ਕਰਨਾ।

ਮੁੱਖ ਨੁਕਤਾ ਇਹ ਹੈ ਅਤੇ ਅੱਗੇ ਨੂੰ ਵੀ ਰਹੇਗਾ ਕਿ ਕਿਸਾਨਾਂ ਨੂੰ ਇਹ ਸਮਝਾਇਆ ਜਾਵੇ ਕਿ ਅਸੀਂ ਉਹਨਾਂ ਦੇ ਘਰਾਂ ਤੇ ਖੇਤਾਂ ਨੂੰ ਕੇਵਲ ਤਦੋਂ ਹੀ ਬਚਾ ਸਕਦੇ ਹਾਂ ਜੇਕਰ ਅਸੀਂ ਉਹਨਾਂ ਨੂੰ ਸਹਿਕਾਰੀ ਰੂਪ ਵਿੱਚ ਚਲਾਈ ਜਾਂਦੀ ਸਹਿਕਾਰੀ ਜਾਇਦਾਦ ਵਿੱਚ ਬਦਲ ਦੇਵਾਂਗੇ। ਇਹ ਨਿਸ਼ਚਿਤ ਰੂਪ ਵਿੱਚ ਵਿਅਕਤੀਗਤ ਮਾਲਕੀ ਵਾਲੀ ਵਿਅਕਤੀਗਤ ਖੇਤੀ ਹੈ ਜਿਹੜੀ ਕਿਸਾਨਾਂ ਨੂੰ ਉਹਨਾਂ ਦੀ ਤਬਾਹੀ ਵੱਲ ਧੱਕਦੀ ਹੈ। ਜੇ ਉਹ ਵਿਅਕਤੀਗਤ ਰੂਪ ਵਿੱਚ ਕੰਮ ਕਰਦੇ ਰਹਿਣ ਉੱਤੇ ਅੜੇ ਰਹਿੰਦੇ ਹਨ ਤਾਂ ਉਹਨਾਂ ਨੂੰ ਅਟੱਲ ਰੂਪ ਵਿੱਚ ਉਹਨਾਂ ਦੇ ਘਰ-ਘਾਟ ਤੋਂ ਅਤੇ ਉਹਨਾਂ ਦੀ ਪੈਦਾਵਾਰ ਦੇ ਪੁਰਾਣੇ ਢੰਗ ਤੋਂ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਪੂੰਜੀਵਾਦੀ ਵੱਡ-ਪੱਧਰੀ ਪੈਦਾਵਾਰ ਉਹਦਾ ਸਥਾਨ ਲੈ ਲਵੇਗੀ, ਮਾਮਲਾ ਹੁਣ ਇੱਥੇ ਖੜ੍ਹਾ ਹੈ। ਹੁਣ ਅਸੀਂ ਅੱਗੇ ਆਉਂਦੇ ਹਾਂ ਅਤੇ ਕਿਸਾਨਾਂ ਨੂੰ ਆਪਣੇ ਆਪ ਵੱਡੇ ਪੱਧਰ ਦੀ ਪੈਦਾਵਾਰ ਸ਼ੁਰੂ ਕਰਨ ਦੇ ਮੌਕੇ ਦੀ ਪੇਸ਼ਕਸ਼ ਕਰਦੇ ਹਾਂ ਜੋ ਕਿ ਪੂੰਜੀਵਾਦੀਆਂ ਦੇ ਭਲੇ ਲਈ ਨਹੀਂ ਸਗੋਂ ਉਹਨਾਂ ਦੇ ਆਪਣੇ, ਸਾਂਝੇ ਭਲੇ ਲਈ ਹੋਵੇਗੀ। ਕੀ ਕਿਸਾਨਾਂ ਨੂੰ ਇਹ ਗੱਲ ਸਮਝਾਉਣੀ ਕਿ ਇਹ ਉਹਨਾਂ ਦੇ ਆਪਣੇ ਹਿੱਤ ਵਿੱਚ ਹੈ, ਤੇ ਕਿ ਇਹ ਉਹਨਾਂ ਦੀ ਮੁਕਤੀ ਦਾ ਇੱਕੋ ਇੱਕ ਸਾਧਨ ਹੈ ਅਸਲੋਂ ਹੀ ਅਸੰਭਵ ਹੋਵੇਗੀ?

ਨਾ ਤਾਂ ਹੁਣ ਅਤੇ ਨਾ ਹੀ ਕਿਸੇ ਸਮੇਂ ਭਵਿੱਖ ਵਿੱਚ ਅਸੀਂ ਛੋਟੇ-ਜ਼ਮੀਨ

ਮਾਲਕ ਕਿਸਾਨਾਂ ਨੂੰ ਇਹ ਵਚਨ ਦੇ ਸਕਦੇ ਹਾਂ ਕਿ ਉਹਨਾਂ ਦੀ ਵਿਅਕਤੀਗਤ ਜਾਇਦਾਦ ਤੇ ਵਿਅਕਤੀਗਤ ਉੱਦਮ ਨੂੰ ਪੂੰਜੀਵਾਦੀ ਪੈਦਾਵਾਰ ਦੀ ਬਹੁਤ ਵੱਡੀ ਸ਼ਕਤੀ ਵਿਰੁੱਧ ਕਾਇਮ ਰੱਖਿਆ ਜਾਵੇਗਾ। ਅਸੀਂ ਉਹਨਾਂ ਨੂੰ ਕੇਵਲ ਇਹ ਵਚਨ ਹੀ ਦੇ ਸਕਦੇ ਹਾਂ ਕਿ ਅਸੀਂ ਤਾਕਤ ਨਾਲ਼, ਉਹਨਾਂ ਦੀ ਇੱਛਾ ਦੇ ਵਿਰੁੱਧ ਉਹਨਾਂ ਦੇ ਜਾਇਦਾਦ-ਸੰਬੰਧਾਂ ਵਿੱਚ ਦਖ਼ਲ ਨਹੀਂ ਦੇਵਾਂਗੇ। ਇਸ ਤੋਂ ਉਪਰੰਤ, ਅਸੀਂ ਇਸ ਗੱਲ ਦੀ ਵਕਾਲਤ ਕਰ ਸਕਦੇ ਹਾਂ ਕਿ ਛੋਟੇ ਕਿਸਾਨਾਂ ਵਿਰੁੱਧ ਪੂੰਜੀਵਾਦੀਆਂ ਤੇ ਵੱਡੇ ਜ਼ਿਮੀਂਦਾਰਾਂ ਦਾ ਸੰਗਰਾਮ ਹੁਣ ਤੋਂ ਘੱਟ ਤੋਂ ਘੱਟ ਅਨਿਆਈਂ ਢੰਗਾਂ ਨਾਲ਼ ਚਲਾਇਆ ਜਾਣਾ ਚਾਹੀਦਾ ਹੈ ਅਤੇ ਸਿੱਧੀ ਲੁੱਟ ਤੇ ਹੇਰਾ ਫੇਰੀ, ਜੋ ਅਕਸਰ ਹੀ ਕੀਤੀਆਂ ਜਾ ਰਹੀਆਂ ਹਨ, ਜਿੱਥੋਂ ਤੱਕ ਸੰਭਵ ਹੋਵੇ, ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਵਿੱਚ ਅਸੀਂ ਕੇਵਲ ਖ਼ਾਸ ਮਾਮਲਿਆਂ ਵਿੱਚ ਹੀ ਸਫ਼ਲ ਹੋਵਾਂਗੇ। ਪੈਦਾਵਾਰ ਦੇ ਵਿਕਸਤ ਪੂੰਜੀਵਾਦੀ ਢੰਗ ਅਧੀਨ ਕੋਈ ਆਦਮੀ ਇਹ ਨਹੀਂ ਦੱਸ ਸਕਦਾ ਕਿ ਈਮਾਨਦਾਰੀ ਕਿੱਥੇ ਮੁਕਦੀ ਹੈ ਅਤੇ ਹੇਰਾਫੇਰੀ ਕਿੱਥੇ ਸ਼ੁਰੂ ਹੋ ਜਾਂਦੀ ਹੈ। ਪਰ ਇਹ ਗੱਲ ਹਮੇਸ਼ਾਂ ਹੀ ਨਿੱਗਰ ਫ਼ਰਕ ਪਾਵੇਗੀ ਕਿ ਕੀ ਜਨਤਕ ਅਥਾਰਟੀ ਹੇਰਾਫੇਰੀ ਕਰਨ ਵਾਲੇ ਦਾ ਪੱਖ ਪੂਰਦੀ ਹੈ ਜਾਂ ਹੇਰਾਫੇਰੀ ਦਾ ਸ਼ਿਕਾਰ ਹੋਏ ਦਾ। ਅਸੀਂ ਨਿਰਸੰਦੇਹ ਛੋਟੇ ਕਿਸਾਨ ਦਾ ਪੱਖ ਪੂਰਦੇ ਹਾਂ; ਅਸੀਂ, ਜਿੰਨਾ ਵੱਧ ਤੋਂ ਵੱਧ ਸੰਭਵ ਹੋਇਆ ਉਹਦੀ ਹਾਲਤ ਵਧੇਰੇ ਚੰਗੀ ਬਣਾਉਣ ਲਈ, ਜੇਕਰ ਉਹਨੇ ਇਉਂ ਕਰਨ ਦਾ ਫ਼ੈਸਲਾ ਕਰ ਲਿਆ ਤਾਂ ਸਹਿਕਾਰਤਾ ਵੱਲ ਉਹਦੀ ਤਬਦੀਲੀ ਨੂੰ ਸੌਖਾ ਬਣਾਉਣ ਲਈ ਅਤੇ ਇੱਥੋਂ ਤੱਕ ਕਿ ਜੇਕਰ ਉਹ ਇਸ ਫ਼ੈਸਲੇ ਉੱਤੇ ਪੁੱਜਣ ਦੇ ਅਜੇ ਵੀ ਅਸਮਰਥ ਹੋਵੇ ਤਾਂ ਇਸ ਮਾਮਲੇ ਉੱਤੇ ਵਿਚਾਰ ਕਰਨ ਵਾਸਤੇ ਹੋਰ ਵਧੇਰੇ ਸਮਾਂ ਲੈਣ ਲਈ ਉਹਦੀ ਛੋਟੀ ਜਿਹੀ ਜ਼ਮੀਨ ਉੱਤੇ ਉਹਦੇ ਲਈ ਬਣੇ ਰਹਿਣਾ ਸੰਭਵ ਬਣਾਉਣ ਲਈ ਆਪਣੀ ਪੂਰੀ ਵਾਹ ਲਾਵਾਂਗੇ। ਇਹ ਗੱਲ ਅਸੀਂ ਕੇਵਲ ਇਸ ਲਈ ਨਹੀਂ ਕਰਦੇ ਕਿ ਖ਼ੁਦ ਆਪਣੀ ਕਿਰਤ ਉੱਤੇ ਗੁਜ਼ਾਰਾ ਕਰਨ ਵਾਲੇ ਛੋਟੇ ਕਿਸਾਨ ਨੂੰ ਅਸੀਂ ਅਮਲੀ ਤੌਰ ਤੇ ਆਪਣੇ ਵਿੱਚੋਂ ਸਮਝਦੇ ਹਾਂ, ਸਗੋਂ ਇਸ ਲਈ ਵੀ ਕਰਦੇ ਹਾਂ ਕਿ ਇਹ ਪਾਰਟੀ ਦੇ ਸਿੱਧੇ ਹਿੱਤ ਵਿੱਚ ਹੈ: ਉਹਨਾਂ ਕਿਸਾਨਾਂ ਦੀ, ਜਿਨ੍ਹਾਂ ਨੂੰ ਅਸੀਂ ਅਸਲ ਵਿੱਚ ਪ੍ਰੋਲੇਤਾਰੀਆਂ ਵਿੱਚ ਸ਼ਾਮਲ ਹੋਣ ਤੋਂ ਬਚਾ ਸਕਦੇ ਹਾਂ, ਜਿਨ੍ਹਾਂ ਨੂੰ ਅਸੀਂ ਆਪਣੇ ਪੱਖ ਵਿੱਚ ਜਿੱਤ ਸਕਦੇ ਹਾਂ ਜਦੋਂ ਕਿ ਉਹ ਅਜੇ ਵੀ ਕਿਸਾਨ ਹੀ ਹੁੰਦੇ ਹਨ, ਜਿੰਨੀ ਵਧੇਰੇ ਗਿਣਤੀ ਹੋਵੇਗੀ, ਸਮਾਜਵਾਦੀ ਤਬਦੀਲੀ ਉਨੀ ਹੀ ਵਧੇਰੇ ਤੇਜ਼ੀ ਨਾਲ਼ ਤੇ ਅਸਾਨੀ ਨਾਲ਼ ਸਿਰੇ ਚਾੜ੍ਹੀ ਜਾਵੇਗੀ। ਇਹ ਸਾਡੇ ਲਈ ਕੋਈ ਫ਼ਾਇਦੇ ਦੀ ਗੱਲ ਨਹੀਂ ਹੋਵੇਗੀ ਕਿ ਇਸ ਤਬਦੀਲੀ ਦੀ ਉਨਾ ਚਿਰ ਤੱਕ ਉਡੀਕ ਕਰੀ ਜਾਈਏ ਜਦੋਂ ਤੱਕ ਕਿ ਆਪਣੇ ਵੱਧ ਤੋਂ ਵੱਧ ਨਤੀਜਿਆਂ ਨਾਲ਼ ਪੂੰਜੀਵਾਦੀ ਪੈਦਾਵਾਰ ਹਰ

ਥਾਂ ਉੱਤੇ ਵਿਕਸਿਤ ਨਾ ਹੋ ਜਾਵੇ, ਜਦੋਂ ਤੱਕ ਕਿ ਆਖ਼ਰੀ ਛੋਟਾ ਦਸਤਕਾਰ ਤੇ ਛੋਟਾ ਕਿਸਾਨ ਪੂੰਜੀਵਾਦੀ ਵੱਡ-ਪੱਧਰੀ ਪੈਦਾਵਾਰ ਦਾ ਸ਼ਿਕਾਰ ਨਾ ਹੋ ਗਿਆ ਹੋਵੇ। ਇਸ ਮੰਤਵ ਲਈ ਕਿਸਾਨਾਂ ਦੇ ਹਿੱਤ ਵਿੱਚ ਕੀਤੀ ਜਾਣ ਵਾਲੀ, ਅਤੇ ਜਨਤਕ ਫ਼ੰਡਾਂ ਵਿੱਚੋਂ ਤਾਰੇ ਜਾਣ ਵਾਲੀ ਪਦਾਰਥਕ ਕੁਰਬਾਨੀ ਨੂੰ ਪੂੰਜੀਵਾਦੀ ਆਰਥਕਤਾ ਦੀ ਦ੍ਰਿਸ਼ਟੀ ਤੋਂ ਕੇਵਲ ਸੁੱਟ ਦਿੱਤੇ ਗਏ ਧਨ ਵਜੋਂ ਹੀ ਸਮਝਿਆ ਜਾ ਸਕਦਾ ਹੈ, ਪਰ ਫੇਰ ਵੀ ਇਹ ਸ਼ਾਨਦਾਰ ਲਾਗਤ ਹੈ ਕਿਉਂਕਿ ਇਹ ਆਮ ਤੌਰ ਤੇ ਸਮਾਜਕ ਜੱਥੇਬੰਦੀ ਦੇ ਖ਼ਰਚੇ ਵਿੱਚ ਸ਼ਾਇਦ ਦਸ ਗੁਣਾਂ ਬੱਚਤ ਕਰੇਗੀ। ਇਸ ਲਈ ਇਸ ਦ੍ਰਿਸ਼ਟੀ ਤੋਂ ਅਸੀਂ ਕਿਸਾਨਾਂ ਨਾਲ਼ ਖੁੱਲ੍ਹਾ-ਡੁੱਲ੍ਹਾ ਵਿਹਾਰ ਕਰ ਸਕਦੇ ਹਾਂ। ਇਹ ਵਿਸਥਾਰਾਂ ਵਿੱਚ ਜਾਣ ਦੀ, ਇਸ ਮੰਤਵ ਲਈ ਨਿੱਗਰ ਸੁਝਾਅ ਪੇਸ਼ ਕਰਨ ਦੀ ਥਾਂ ਨਹੀਂ, ਇੱਥੇ ਅਸੀਂ ਕੇਵਲ ਆਮ ਅਸੂਲਾਂ ਨੂੰ ਹੀ ਲੈ ਸਕਦੇ ਹਾਂ।

ਇਸ ਲਈ ਪਾਰਟੀ ਦਾ ਅਤੇ ਛੋਟੇ ਕਿਸਾਨਾਂ ਦਾ ਇਸ ਨਾਲੋਂ ਵਧੇਰੇ ਨੁਕਸਾਨ ਕਰਨ ਵਾਲੀ ਗੱਲ ਹੋਰ ਕੋਈ ਨਹੀਂ ਹੋ ਸਕਦੀ ਕਿ ਅਜਿਹੇ ਵਾਇਦੇ ਕੀਤੇ ਜਾਣ ਜਿਹੜੇ ਕੇਵਲ ਇਹੋ ਪ੍ਰਭਾਵ ਹੀ ਪਾਉਂਦੇ ਹੋਣ ਕਿ ਅਸੀਂ ਛੋਟੀਆਂ ਜ਼ਮੀਨ ਮਾਲਕੀਆਂ ਨੂੰ ਸਦੀਵੀ ਤੌਰ ਤੇ ਕਾਇਮ ਰੱਖਣਾ ਚਾਹੁੰਦੇ ਹਾਂ। ਇਹਦਾ ਅਰਥ ਕਿਸਾਨਾਂ ਲਈ ਉਹਨਾਂ ਦੀ ਬੰਦਖ਼ਲਾਸੀ ਦਾ ਮਾਰਗ ਸਿੱਧੇ ਤੌਰ ਤੇ ਬੰਦ ਕਰਨਾ ਹੈ ਅਤੇ ਪਾਰਟੀ ਨੂੰ ਦੰਗੇ ਭਰੇ ਸੈਮੀਟਿਜ਼ਮ-ਵਿਰੋਧ ਦੇ ਪੱਧਰ ਤੱਕ ਨੀਵਾਂ ਲੈ ਆਉਣਾ ਹੈ। ਇਸ ਦੇ ਉਲਟ ਸਾਡੀ ਪਾਰਟੀ ਦਾ ਇਹ ਫ਼ਰਜ਼ ਹੈ ਕਿ ਉਹ ਕਿਸਾਨਾਂ ਨੂੰ ਇਹ ਗੱਲ ਵਾਰ ਵਾਰ ਸਪੱਸ਼ਟ ਕਰੇ ਕਿ ਜਿੰਨਾ ਚਿਰ ਪੂੰਜੀਵਾਦ ਦਾ ਬੋਲਬਾਲਾ ਰਹੇਗਾ, ਉਹਨਾਂ ਦੀ ਹਾਲਤ ਬਿਲਕੁਲ ਹੀ ਮੰਦੀ ਰਹੇਗੀ, ਕਿ ਉਹਨਾਂ ਲਈ ਉਹਨਾਂ ਦੀਆਂ ਛੋਟੀਆਂ ਜ਼ਮੀਨ ਮਾਲਕੀਆਂ ਕਾਇਮ ਰੱਖਣਾ ਬਿਲਕੁਲ ਹੀ ਅਸੰਭਵ ਗੱਲ ਹੈ ਅਤੇ ਕਿ ਪੂੰਜੀਵਾਦੀ ਵੱਡ-ਪੱਧਰੀ ਪੈਦਾਵਾਰ ਬਿਲਕੁਲ ਯਕੀਨੀ ਤੌਰ ਤੇ ਉਹਨਾਂ ਦੀ ਛੋਟੀ ਪੈਦਾਵਾਰ ਦੀ ਨਿੱਸਲ, ਵੇਲਾ ਵਿਹਾ ਚੁੱਕੀ ਪ੍ਰਣਾਲੀ ਨੂੰ ਇਉਂ ਕੁਚਲ ਦੇਵੇਗੀ ਜਿਵੇਂ ਇੱਕ ਰੇਲ ਗੱਡੀ ਹੱਥ ਨਾਲ਼ ਧੱਕਣ ਵਾਲੀ ਗੱਡੀ ਨੂੰ ਕੁਚਲ ਦਿੰਦੀ ਹੈ। ਜੇਕਰ ਅਸੀਂ ਇਹ ਗੱਲ ਕਰਦੇ ਹਾਂ ਤਾਂ ਅਸੀਂ ਆਰਥਕ ਵਿਕਾਸ ਦੇ ਅਟੱਲ ਰੁਝਾਨ ਅਨੁਸਾਰ ਅਮਲ ਕਰਾਂਗੇ ਅਤੇ ਇਹ ਵਿਕਾਸ ਛੋਟੇ ਕਿਸਾਨਾਂ ਦੇ ਦਿਮਾਗ਼ਾਂ ਵਿੱਚ ਸਾਡੇ ਸ਼ਬਦ ਜ਼ਰੂਰ ਬਿਠਾ ਦੇਵੇਗਾ।

ਸਬੱਬੀ ਤੌਰ ਤੇ, ਮੈਂ ਇਸ ਵਿਸ਼ੇ ਨੂੰ ਆਪਣਾ ਇਹ ਵਿਸ਼ਵਾਸ਼ ਪ੍ਰਗਟ ਕੀਤੇ ਬਿਨਾਂ ਨਹੀਂ ਛੱਡ ਸਕਦਾ ਕਿ ਨਾਨਤੇਸ ਪ੍ਰੋਗਰਾਮ ਦੇ ਕਰਤੇ ਵੀ ਜ਼ਰੂਰੀ ਤੌਰ ਤੇ ਮੇਰੀ ਰਾਇ ਨਾਲ਼ ਸਹਿਮਤ ਹਨ। ਇਹਨਾਂ ਦੀ ਸੂਝ ਉਹਨਾਂ ਲਈ ਇੰਨੀ ਵੱਡੀ ਹੈ ਕਿ ਉਹ ਇਹ ਨਹੀਂ ਜਾਣ ਸਕਦੇ ਕਿ ਛੋਟੇ ਛੋਟੇ ਜ਼ਮੀਨੀ ਟੁਕੜਿਆਂ ਵਿੱਚ ਵੰਡੇ ਰਕਬੇ ਵੀ

ਲਾਜ਼ਮੀ ਤੌਰ ਤੇ ਸਾਂਝੀ ਜਾਇਦਾਦ ਬਣ ਜਾਣਗੇ। ਉਹ ਇਹ ਗੱਲ ਮੰਨਦੇ ਹਨ ਕਿ ਛੋਟੇ ਛੋਟੇ ਜ਼ਮੀਨੀ ਟੁਕੜਿਆਂ ਦੀ ਮਾਲਕੀ ਭਵਿੱਖ ਵਿੱਚ ਜ਼ਰੂਰੀ ਤੌਰ ਤੇ ਅਲੋਪ ਹੋ ਜਾਵੇਗੀ। ਲਾਫਾਰਮੁਏ ਵੱਲੋਂ ਤਿਆਰ ਕੀਤੀ ਗਈ ਅਤੇ ਨਾਨਤੇਸ ਕਾਂਗਰਸ ਵਿੱਚ ਪੇਸ਼ ਕੀਤੀ ਗਈ ਕੌਮੀ ਕੌਂਸਲ ਦੀ ਰਿਪੋਰਟ ਇਸ ਵਿਚਾਰ ਦੀ ਪੂਰੀ ਤਰ੍ਹਾਂ ਪ੍ਰੋੜਤਾ ਕਰਦੀ ਹੈ। ਇਹ ਇਸ ਸਾਲ ਦੇ 18 ਅਕਤੂਬਰ ਦੇ ਬਰਲਿਨ **ਸੋਜਿਅਲਦੈਮੋਕਰੈਤ** ਵਿੱਚ ਜਰਮਨ ਭਾਸ਼ਾ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ। ਖ਼ੁਦ ਨਾਨਤੇਸ ਪ੍ਰੋਗਰਾਮ ਵਿੱਚ ਵਰਤੀ ਗਈ ਸ਼ਬਦਾਵਲੀ ਦਾ ਵਿਰੋਧੀ ਲੱਛਣ ਇਸ ਤੱਥ ਨੂੰ ਨੰਗਾ ਕਰਦਾ ਹੈ ਕਿ ਜੋ ਕੁੱਝ ਲੇਖਕ ਅਸਲ ਵਿੱਚ ਆਖਦੇ ਹਨ ਉਹ ਗੱਲ ਨਹੀਂ ਜੋ ਉਹ ਆਖਣਾ ਚਾਹੁੰਦੇ ਹਨ। ਜੇਕਰ ਉਹਨਾਂ ਨੂੰ ਗ਼ਲਤ ਸਮਝਿਆ ਗਿਆ ਹੈ ਅਤੇ ਉਹਨਾਂ ਦੇ ਬਿਆਨਾਂ ਦੀ ਦੁਰਵਰਤੋਂ ਕੀਤੀ ਗਈ ਹੈ ਜਿਵੇਂ ਅਸਲ ਵਿੱਚ ਵਾਪਰ ਚੁੱਕਿਆ ਹੈ ਤਾਂ ਨਿਰਸੰਦੇਹ, ਇਹ ਉਹਨਾਂ ਦੀ ਆਪਣੀ ਗ਼ਲਤੀ ਹੈ। ਗੱਲ ਕੋਈ ਵੀ ਹੋਵੇ, ਉਹਨਾਂ ਨੂੰ ਆਪਣਾ ਪ੍ਰੋਗਰਾਮ ਸਪੱਸ਼ਟ ਕਰਨਾ ਪਵੇਗਾ ਅਤੇ ਅਗਲੀ ਫ਼ਰਾਂਸੀਸੀ ਕਾਂਗਰਸ ਨੂੰ ਇਸ ਉੱਤੇ ਪੂਰੀ ਤਰ੍ਹਾਂ ਨਜ਼ਰਸਾਨੀ ਕਰਨੀ ਪਵੇਗੀ।

ਹੁਣ ਅਸੀਂ ਵਡੇਰੇ ਕਿਸਾਨਾਂ ਵੱਲ ਆਉਂਦੇ ਹਾਂ। ਇੱਥੇ ਵਰਾਸਤ ਦੀਆਂ ਵੰਡਾਂ ਦੇ ਅਤੇ ਕਰਜ਼ਦਾਰੀ ਤੇ ਜ਼ਮੀਨ ਦੀਆਂ ਜ਼ਬਰਦਸਤੀ ਕੀਤੀਆਂ ਵੇਚਾਂ ਦੇ ਨਤੀਜੇ ਵਜੋਂ ਸਾਨੂੰ ਦਰਮਿਆਨੇ ਪੜਾਵਾਂ ਦੇ ਵੰਨਸੁਵੰਨੇ ਨਮੂਨੇ, ਛੋਟੇ ਕਿਸਾਨ ਤੋਂ ਲੈ ਕੇ ਵੱਡੀ ਕਿਸਾਨ ਮਾਲਕੀ ਤੱਕ ਮਿਲਦੇ ਹਨ, ਜਿਸ ਵੱਡੇ ਕਿਸਾਨ ਨੇ ਆਪਣੇ ਪਿਉ ਦਾਦੇ ਤੋਂ ਵਿਰਾਸਤ ਵਿੱਚ ਮਿਲੀ ਜ਼ਮੀਨ ਜਿਉਂ ਦੀ ਤਿਉਂ ਰੱਖੀ ਹੈ ਅਤੇ ਇੱਥੋਂ ਤੱਕ ਕਿ ਇਸ ਵਿੱਚ ਵਾਧਾ ਵੀ ਕੀਤਾ ਹੈ। ਜਿੱਥੇ ਕਿਤੇ ਦਰਮਿਆਨਾ ਕਿਸਾਨ ਥੋੜ੍ਹੀ ਜ਼ਮੀਨ ਵਾਲੇ ਕਿਸਾਨਾਂ ਵਿਚਕਾਰ ਰਹਿੰਦਾ ਹੈ, ਉਹਦੇ ਹਿੱਤ ਅਤੇ ਵਿਚਾਰ ਉਹਨਾਂ ਨਾਲ਼ੋਂ ਬਹੁਤੇ ਵੱਖਰੇ ਨਹੀਂ ਹੋਣਗੇ, ਉਹ ਖ਼ੁਦ ਆਪਣੇ ਤਜ਼ਰਬੇ ਤੋਂ ਜਾਣਦਾ ਹੈ ਕਿ ਉਹਦੀ ਕਿਸਮ ਦੇ ਕਿੰਨੇ ਕਿਸਾਨ ਛੋਟੇ ਕਿਸਾਨਾਂ ਦੇ ਪੱਧਰ ਤੱਕ ਨੀਵੇਂ ਡਿੱਗ ਚੁੱਕੇ ਹਨ। ਪਰ ਜਿੱਥੇ ਕਿਤੇ ਦਰਮਿਆਨੇ ਤੇ ਵੱਡੇ ਕਿਸਾਨ ਬਹੁਤੇ ਹਨ ਅਤੇ ਫ਼ਾਰਮਾਂ ਦੇ ਕੰਮ ਲਈ ਆਮ ਤੌਰ ਤੇ ਮਰਦਾਂ ਤੇ ਇਸਤਰੀ ਨੌਕਰਾਂ ਦੀ ਲੋੜ ਪੈਂਦੀ ਹੈ, ਤਾਂ ਇਹ ਬਿਲਕੁਲ ਵੱਖਰਾ ਮਾਮਲਾ ਹੁੰਦਾ ਹੈ। ਨਿਰਸੰਦੇਹ, ਇੱਕ ਮਜ਼ਦੂਰ ਪਾਰਟੀ ਸਭ ਤੋਂ ਪਹਿਲਾਂ, ਉਜਰਤੀ ਮਜ਼ਦੂਰਾਂ ਦੇ ਪੱਖ ਵਿੱਚ, ਭਾਵ ਮਰਦ ਅਤੇ ਇਸਤਰੀ ਨੌਕਰਾਂ ਵੱਲੋਂ ਤੇ ਦਿਹਾੜੀਦਾਰਾਂ ਵੱਲੋਂ ਸੰਗਰਾਮ ਕਰੇਗੀ। ਜੇਕਰ ਛੋਟੇ ਖੇਤਾਂ ਦੇ ਮਾਲਕ ਕਿਸਾਨਾਂ ਨੂੰ ਸਾਡੇ ਵੱਲੋਂ ਸਦੀਵੀ ਰੂਪ ਵਿੱਚ ਕਾਇਮ ਰਹਿਣ ਦੀਆਂ ਭਵਿੱਖੀ ਸੰਭਾਵਨਾਵਾਂ ਪੇਸ਼ ਕਰਨਾ ਮੂਰਖ਼ਤਾ ਹੋਵੇਗੀ ਤਾਂ ਇਹ ਗੱਲ ਲਗਭਗ ਗ਼ੱਦਾਰੀ ਹੋਵੇਗੀ ਜੇਕਰ ਅਸੀਂ ਵੱਡੇ ਤੇ ਦਰਮਿਆਨੇ ਕਿਸਾਨਾਂ ਨੂੰ ਵੀ ਇਹੋ ਵਚਨ ਦੇਈਏ।

ਇੱਥੇ ਸਾਨੂੰ ਇਹਦੀ ਤੁਲਨਾ ਵਿੱਚ ਸ਼ਹਿਰਾਂ ਵਿਚਲੇ ਦਸਤਕਾਰਾਂ ਦਾ ਮਾਮਲਾ ਮਿਲ ਜਾਂਦਾ ਹੈ। ਇਹ ਸੱਚ ਹੈ ਕਿ ਉਹ ਕਿਸਾਨਾਂ ਨਾਲ਼ੋਂ ਵੀ ਵਧੇਰੇ ਤਬਾਹ ਹੋ ਚੁੱਕੇ ਹਨ, ਪਰ ਉਹਨਾਂ ਵਿੱਚ ਅਜੇ ਵੀ ਕੁੱਝ ਅਜਿਹੇ ਲੋਕ ਮੌਜੂਦ ਹਨ ਜੋ ਸਿਖਿਆਰਥੀਆਂ ਤੋਂ ਉਪਰੰਤ ਨਵੇਂ ਕਾਰਗੀਰ ਰੱਖਦੇ ਹਨ ਜਾਂ ਜਿਨ੍ਹਾਂ ਲਈ ਸਿਖਿਆਰਥੀ ਨਵੇਂ ਕਾਰੀਗਰਾਂ ਦਾ ਕੰਮ ਕਰਦੇ ਹਨ। ਇਹਨਾਂ ਉਸਤਾਦ ਦਸਤਕਾਰਾਂ ਨੂੰ ਜੋ ਆਪਣੀ ਹੋਂਦ ਨੂੰ ਸਦੀਵੀ ਬਣਾਉਣਾ ਚਾਹੁੰਦੇ ਹਨ, ਆਪਣਾ ਨਸੀਬਾ ਸੇਮਾਈਟਸ ਵਿਰੋਧੀਆਂ ਨਾਲ਼ ਉਨਾ ਚਿਰ ਮੇਲੀ ਰੱਖਣ ਦਿਉ ਜਦੋਂ ਤੱਕ ਕਿ ਉਹ ਆਪਣੇ ਆਪ ਇਸ ਦੇ ਕਾਇਲ ਨਾ ਹੋ ਜਾਣ ਕਿ ਉਸ ਹਲਕੇ ਤੋਂ ਵੀ ਉਹਨਾਂ ਨੂੰ ਕੋਈ ਮੱਦਦ ਨਹੀਂ ਮਿਲਣੀ। ਬਾਕੀ ਦੇ ਉਸਤਾਦ ਦਸਤਕਾਰ ਜੋ ਆਪਣੀ ਪੈਦਾਵਾਰੀ ਢੰਗ ਦੀ ਹੋਣੀ ਵਾਲੀ ਅਟੱਲ ਤਬਾਹੀ ਨੂੰ ਸਮਝ ਗਏ ਹਨ, ਸਾਡੇ ਵੱਲ ਆ ਰਹੇ ਹਨ ਅਤੇ ਇਸ ਤੋਂ ਉਪਰੰਤ ਭਵਿੱਖ ਵਿੱਚ ਉਸ ਨਸੀਬੇ ਨੂੰ ਮਾਨਣ ਲਈ ਤਿਆਰ ਹਨ ਜੋ ਸਾਰੇ ਦੂਜੇ ਮਜ਼ਦੂਰਾਂ ਲਈ ਆਉਣ ਵਾਲਾ ਹੈ। ਇਹੋ ਗੱਲ ਵੱਡੇ ਤੇ ਦਰਮਿਆਨੇ ਕਿਸਾਨਾਂ ਉੱਤੇ ਲਾਗੂ ਹੁੰਦੀ ਹੈ। ਇਹ ਗੱਲ ਆਖਣ ਦੀ ਕੋਈ ਲੋੜ ਨਹੀਂ ਕਿ ਅਸੀਂ ਖ਼ੁਦ ਉਹਨਾਂ ਨਾਲੋਂ ਉਹਨਾਂ ਦੇ ਮਰਦ ਤੇ ਇਸਤਰੀ ਨੌਕਰਾਂ ਵਿੱਚ ਅਤੇ ਦਿਹਾੜੀਦਾਰਾਂ ਵਿੱਚ ਵਧੇਰੇ ਦਿਲਚਸਪੀ ਰੱਖਦੇ ਹਾਂ। ਜੇਕਰ ਇਹ ਕਿਸਾਨ ਆਪਣੇ ਉੱਦਮਾਂ ਦੀ ਨਿਰੰਤਰ ਹੋਂਦ ਦੀ ਜ਼ਾਮਨੀ ਕਰਨੀ ਚਾਹੁੰਦੇ ਹਨ ਤਾਂ ਅਸੀਂ ਉਹਨਾਂ ਨੂੰ ਇਸ ਗੱਲ ਦੀ ਯਕੀਨਦਹਾਨੀ ਕਰਾਉਣ ਦੀ ਪੁਜ਼ੀਸ਼ਨ ਵਿੱਚ ਉੱਕਾ ਹੀ ਨਹੀਂ। ਤਾਂ ਫੇਰ ਉਹਨਾਂ ਨੂੰ ਸੈਮਾਈਟਸ ਵਿਰੋਧ ਲੋਕਾਂ ਵਿੱਚ, ਕਿਸਾਨ ਲੀਗ ਵਾਲਿਆਂ ਵਿੱਚ ਅਤੇ ਅਜਿਹੀਆਂ ਹੋਰਨਾਂ ਪਾਰਟੀਆਂ ਵਿੱਚ ਜੋ ਹਰ ਚੀਜ਼ ਦਾ ਵਚਨ ਦੇਣ ਵਿੱਚ, ਪਰ ਕਿਸੇ ਨੂੰ ਵੀ ਪੂਰਾ ਨਾ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੀਆਂ ਹਨ, ਆਪਣੀ ਥਾਂ ਮੱਲ ਲੈਣੀ ਚਾਹੀਦੀ ਹੈ। ਸਾਨੂੰ ਆਰਥਕ ਰੂਪ ਵਿੱਚ ਯਕੀਨ ਹੈ ਕਿ ਵੱਡਾ ਤੇ ਦਰਮਿਆਨਾ ਕਿਸਾਨ ਵੀ ਇਸੇ ਤਰ੍ਹਾਂ ਪੂੰਜੀਵਾਦੀ ਪੈਦਾਵਾਰ ਦੇ ਮੁਕਾਬਲੇ ਦਾ, ਸਮੁੰਦਰੋਂ ਪਾਰ ਤੋਂ ਆਉਂਦੇ ਸਸਤੇ ਅਨਾਜ ਦਾ ਅਟੱਲ ਰੂਪ ਵਿੱਚ ਸ਼ਿਕਾਰ ਹੋ ਜਾਵੇਗਾ ਜਿਵੇਂ ਕਿ ਵਧਦੀ ਕਰਜ਼ਦਾਰੀ ਵੱਲੋਂ ਅਤੇ ਹਰ ਥਾਂ ਉੱਤੇ ਇਹਨਾਂ ਕਿਸਾਨਾਂ ਦੇ ਪਤਨ ਵੱਲੋਂ ਸਿੱਧ ਕੀਤਾ ਜਾ ਰਿਹਾ ਹੈ। ਅਸੀਂ ਇਸ ਪਤਨ ਨੂੰ ਰੋਕਣ ਲਈ ਇੱਥੇ ਵੀ ਇਹ ਸਿਫ਼ਾਰਸ਼ ਕਰਨ ਤੋ ਬਿਨਾਂ ਹੋਰ ਕੁੱਝ ਨਹੀਂ ਕਰ ਸਕਦੇ ਕਿ ਫ਼ਾਰਮਾਂ ਨੂੰ ਇਕੱਠਿਆਂ ਕਰ ਕੇ ਸਹਿਕਾਰੀ ਅਦਾਰੇ ਕਾਇਮ ਕਰ ਦੇਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਉਜਰਤੀ ਕਿਰਤ ਦੀ ਲੁੱਟ ਚੋਘ ਬਹੁਤੀ ਹੀ ਬਹੁਤੀ ਖ਼ਤਮ ਕੀਤੀ ਜਾਵੇਗੀ ਅਤੇ ਬਹੁਤ ਵੱਡੀ ਕੌਮੀ ਉਤਪਾਦਕ ਸਹਿਕਾਰੀ ਸਭਾ ਦੀਆਂ ਸ਼ਾਖ਼ਾਂ ਵਿੱਚ ਉਹਨਾਂ ਦੀ ਸਹਿਜੇ ਸਹਿਜੇ ਤਬਦੀਲੀ ਕੀਤੀ ਜਾ ਸਕੇਗੀ, ਜਿਸ ਵਿੱਚ ਹਰ ਸ਼ਾਖ਼ ਬਰਾਬਰ ਦੇ ਅਧਿਕਾਰਾਂ ਤੇ

ਕਰਤਵਾਂ ਵਾਲੀ ਹੋਵੇਗੀ। ਜੇਕਰ ਇਹ ਕਿਸਾਨ ਆਪਣੇ ਪੈਦਾਵਾਰ ਦੇ ਵਰਤਮਾਨ ਢੰਗ ਦੀ ਤਬਾਹੀ ਦੀ ਅਟੱਲਤਾ ਬਾਰੇ ਸਮਝ ਜਾਂਦੇ ਹਨ ਅਤੇ ਲੋੜੀਂਦੇ ਸਿੱਟੇ ਕੱਢ ਲੈਂਦੇ ਹਨ ਤਾਂ ਉਹ ਸਾਡੇ ਕੋਲ ਆਉਣਗੇ ਅਤੇ ਸਾਡਾ ਵੀ ਇਹ ਜ਼ਰੂਰੀ ਫ਼ਰਜ਼ ਹੋ ਜਾਵੇਗਾ ਕਿ ਅਸੀਂ ਆਪਣੀ ਪੂਰੀ ਯੋਗਤਾ ਨਾਲ਼ ਪੈਦਾਵਾਰ ਦੇ ਬਦਲੇ ਹੋਏ ਢੰਗ ਵੱਲ ਉਹਨਾਂ ਦੀ ਤਬਦੀਲੀ ਨੂੰ ਸੌਖਾ ਬਣਾਈਏ। ਨਹੀਂ ਤਾਂ ਸਾਨੂੰ ਉਹਨਾਂ ਦੀ ਕਿਸਮਤ ਉੱਤੇ ਹੀ ਛੱਡ ਦੇਣਾ ਪਵੇਗਾ ਅਤੇ ਸਾਨੂੰ ਉਹਨਾਂ ਦੇ ਉਜਰਤੀ ਮਜ਼ਦੂਰਾਂ ਨੂੰ ਸੰਬੋਧਨ ਕਰਨਾ ਪਵੇਗਾ ਜਿਨ੍ਹਾਂ ਵਿੱਚ ਸਾਨੂੰ ਜ਼ਰੂਰੀ ਤੌਰ ਤੇ ਹਮਦਰਦੀ ਮਿਲ ਜਾਵੇਗੀ। ਇਹ ਗੱਲ ਬਹੁਤ ਸੰਭਵ ਹੈ ਕਿ ਅਸੀਂ ਇੱਥੇ ਵੀ ਧੱਕੇ ਨਾਲ਼ ਉਹਨਾਂ ਦੀ ਜਾਇਦਾਦ ਲੈਣ ਦਾ ਸਹਾਰਾ ਨਹੀਂ ਲਵਾਂਗੇ ਅਤੇ ਜਿੱਥੋਂ ਤੱਕ ਬਾਕੀ ਦੇ ਲੋਕਾਂ ਦਾ ਸਵਾਲ ਹੈ, ਅਸੀਂ ਭਵਿੱਖੀ ਆਰਥਕ ਘਟਨਾਵਾਂ ਉੱਤੇ ਟੇਕ ਰੱਖਾਂਗੇ ਜੋ ਇਹਨਾਂ ਵਧੇਰੇ ਸਖ਼ਤ ਖੋਪੜੀਆਂ ਨੂੰ ਵੀ ਅਕਲ ਦੀ ਗੱਲ ਸਿਖਾ ਦੇਣਗੀਆਂ।

ਕੇਵਲ ਵੱਡੀਆਂ ਜ਼ਮੀਨੀ ਜਾਇਦਾਦਾਂ ਦਾ ਮਾਮਲਾ ਹੀ ਐਨ ਸਾਦਾ ਹੈ। ਇੱਥੇ ਅਸੀਂ ਖੁੱਲ੍ਹੀ ਪੂੰਜੀਵਾਦੀ ਪੈਦਾਵਾਰ ਨਾਲ਼ ਸਿੱਝ ਰਹੇ ਹਾਂ ਅਤੇ ਕਿਸੇ ਕਿਸਮ ਦੇ ਸੰਕੋਚ ਸਾਨੂੰ ਨਹੀਂ ਰੋਕ ਸਕਦੇ। ਇੱਥੇ ਸਾਡਾ ਜਨਸਮੂਹਾਂ ਪੇਂਡੂ ਪ੍ਰੋਲੇਤਾਰੀਆਂ ਨਾਲ਼ ਸਾਹਮਣਾ ਹੈ ਅਤੇ ਸਾਡਾ ਕਾਰਜ ਸਪੱਸ਼ਟ ਹੈ। ਜਿਉਂ ਹੀ ਸਾਡੀ ਪਾਰਟੀ ਸੱਤਾ ਵਿੱਚ ਆ ਜਾਂਦੀ ਹੈ, ਉਹ ਸਨਅਤ ਵਿਚਲੇ ਸਨਅਤਕਾਰ ਵਾਂਗ ਹੀ ਵੱਡੇ ਜ਼ਮੀਨ ਮਾਲਕਾਂ ਤੋਂ ਜਾਇਦਾਦਾਂ ਖੋਹ ਲਵੇਗੀ। ਕੀ ਇਹਨਾਂ ਖੋਹੀਆਂ ਗਈਆਂ ਜਾਇਦਾਦਾਂ ਲਈ ਮੁਆਵਜ਼ਾ ਦਿੱਤਾ ਜਾਵੇਗਾ ਜਾਂ ਨਹੀਂ, ਇਹ ਗੱਲ ਵੱਡੀ ਹੱਦ ਤੱਕ ਸਾਡੇ ਉੱਤੇ ਨਹੀਂ, ਸਗੋਂ ਉਹਨਾਂ ਹਾਲਾਤ ਉੱਤੇ ਨਿਰਭਰ ਕਰੇਗੀ, ਜਿਨ੍ਹਾਂ ਅਧੀਨ ਅਸੀਂ ਸੱਤਾ ਹਾਸਲ ਕੀਤੀ ਹੋਵੇਗੀ ਅਤੇ ਖ਼ਾਸ ਕਰ ਕੇ ਇਹ ਗੱਲ ਇਹਨਾਂ ਭੱਦਰਪੁਰਸ਼ਾਂ ਵੱਲੋਂ, ਖ਼ੁਦ ਵੱਡੇ ਜ਼ਿਮੀਂਦਾਰਾਂ ਵੱਲੋਂ ਅਪਣਾਏ ਗਏ ਰਵੱਈਏ ਉੱਤੇ ਨਿਰਭਰ ਕਰੇਗੀ। ਅਸੀਂ ਮੁਆਵਜ਼ੇ ਨੂੰ ਕਿਸੇ ਹਾਲਤ ਵਿੱਚ ਵੀ ਵਿਵਰਜਿਤ ਨਹੀਂ ਸਮਝਦੇ; ਮਾਰਕਸ ਨੇ ਮੈਨੂੰ ਦੱਸਿਆ ਸੀ (ਅਤੇ ਕਿੰਨੀ ਵਾਰੀ ਦੱਸਿਆ ਸੀ) ਕਿ ਉਹਦੀ ਰਾਇ ਵਿੱਚ ਸਾਨੂੰ ਇਹ ਸਭ ਤੋਂ ਸਸਤਾ ਪਵੇਗਾ ਜੇ ਕਰ ਅਸੀਂ ਉਹਨਾਂ ਸਾਰਿਆਂ ਨੂੰ ਹੀ ਖ਼ਰੀਦ ਸਕੀਏ। ਪਰ ਇੱਥੇ ਸਾਡਾ ਇਸ ਨਾਲ਼ ਕੋਈ ਵਾਸਤਾ ਨਹੀਂ। ਇਸ ਤਰ੍ਹਾਂ ਭਾਈਚਾਰੇ ਨੂੰ ਬਹਾਲ ਕੀਤੀਆਂ ਵੱਡੀਆਂ ਜਾਇਦਾਦਾਂ ਪੇਂਡੂ ਮਜ਼ਦੂਰਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ ਜੋ ਹੁਣ ਉਹਨਾਂ ਦੀ ਕਾਸ਼ਤ ਕਰ ਰਹੇ ਹਨ ਅਤੇ ਉਹਨਾਂ ਨੂੰ ਸਹਿਕਾਰੀ ਸਭਾਵਾਂ ਵਿੱਚ ਜੱਥੇਬੰਦ ਕੀਤਾ ਜਾਵੇਗਾ। ਇਹ ਉਹਨਾਂ ਨੂੰ ਉਹਨਾਂ ਦੀ ਵਰਤੋਂ ਤੇ ਲਾਭ ਲਈ ਭਾਈਚਾਰੇ ਦੇ ਕੰਟਰੋਲ ਥੱਲੇ ਸੌਂਪੀਆਂ ਜਾਣਗੀਆਂ। ਉਹਨਾਂ ਦੀ ਭੋਂ ਦਾਰੀ ਦੀਆਂ ਸ਼ਰਤਾਂ ਸੰਬੰਧੀ ਅਜੇ ਕੁੱਝ ਵੀ ਨਹੀਂ ਆਖਿਆ ਜਾ ਸਕਦਾ। ਗੱਲ ਕੋਈ ਵੀ ਹੋਵੇ,

ਪੂੰਜੀਵਾਦੀ ਅਦਾਰੇ ਦੀ ਇੱਕ ਸਮਾਜਕ ਅਦਾਰੇ ਵਿੱਚ ਤਬਦੀਲੀ ਦੀ ਇੱਥੇ ਪੂਰੀ ਤਰ੍ਹਾਂ ਤਿਆਰੀ ਕੀਤੀ ਗਈ ਹੈ ਅਤੇ ਇਹਨੂੰ ਅਗਲੇ ਹੀ ਦਿਨ ਲਾਗੂ ਕੀਤਾ ਜਾ ਸਕਦਾ ਹੈ ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼੍ਰੀ ਕਰੁਪ ਦੀ ਜਾਂ ਸ਼੍ਰੀ ਵੋਨ ਸਟਮ ਦੀ ਫ਼ੈਕਟਰੀ ਵਿੱਚ। ਅਤੇ ਇਹਨਾਂ ਜ਼ਰਾਇਤੀ ਸਹਿਕਾਰੀ ਸਭਾਵਾਂ ਦੀ ਮਿਸਾਲ ਅਜੇ ਤੱਕ ਮੁਜ਼ਾਹਮਤ ਕਰਨ ਵਾਲੇ ਥੋੜ੍ਹੀਆਂ ਜ਼ਮੀਨਾਂ ਵਾਲੇ ਆਖ਼ਰੀ ਕਿਸਾਨਾਂ ਨੂੰ ਅਤੇ ਯਕੀਨੀ ਤੌਰ ਤੇ ਬਹੁਤ ਸਾਰੇ ਵੱਡੇ ਕਿਸਾਨਾਂ ਨੂੰ ਸਹਿਕਾਰਤਾ ਵਾਲੀ ਵੱਡੇ ਪੱਧਰ ਦੀ ਪੈਦਾਵਾਰ ਦੇ ਲਾਭਾਂ ਬਾਰੇ ਕਾਇਲ ਕਰ ਲਵੇਗੀ।

ਇਸ ਤਰ੍ਹਾਂ ਅਸੀਂ ਪੇਂਡੂ ਪ੍ਰੋਲੇਤਾਰੀਆਂ ਨੂੰ ਸਨਅਤੀ ਮਜ਼ਦੂਰਾਂ ਸਾਹਮਣੇ ਖੁੱਲ੍ਹੀਆਂ ਸ਼ਾਨਦਾਰ ਸੰਭਾਵਨਾਵਾਂ ਪੇਸ਼ ਕਰ ਸਕਦੇ ਹਾਂ ਅਤੇ ਇਹ ਕੇਵਲ ਸਮੇਂ ਦਾ, ਕੇਵਲ ਬਹੁਤ ਹੀ ਥੋੜ੍ਹੇ ਸਮੇਂ ਦਾ ਸਵਾਲ ਹੋਵੇਗਾ ਕਿ ਅਸੀਂ ਐਲਬ ਦੀ ਪੂਰਬ ਦੇ ਪ੍ਰਸ਼ੀਆ ਦੇ ਪੇਂਡੂ ਮਜ਼ਦੂਰਾਂ ਨੂੰ ਆਪਣੇ ਪੱਖ ਵਿੱਚ ਕਰ ਲਵਾਂਗੇ। ਪਰ ਜਦੋਂ ਇੱਕ ਵਾਰੀ ਐਲਬ ਦੇ ਪੂਰਬ ਦੇ ਪੇਂਡੂ ਮਜ਼ਦੂਰ ਸਾਡੇ ਪੱਖ ਵਿੱਚ ਹੋ ਜਾਣਗੇ, ਸਮੁੱਚੇ ਜਰਮਨੀ ਉੱਤੇ ਇੱਕਦਮ ਹੀ ਇੱਕ ਵੱਖਰੀ ਹਵਾ ਚੱਲ ਪਵੇਗੀ। ਐਲਬ ਦੇ ਪੂਰਬ ਦੀ ਅਸਲੀ ਅੱਧ ਗ਼ੁਲਾਮੀ ਪ੍ਰਸ਼ੀਆਈ ਜੰਕਰਡਮ ਦੇ ਗ਼ਲਬੇ ਦਾ ਅਤੇ ਇਸ ਤਰ੍ਹਾਂ ਜਰਮਨੀ ਉੱਤੇ ਪ੍ਰਸ਼ੀਆ ਦੀ ਵਿਸ਼ੇਸ਼ ਸਰਦਾਰੀ ਦਾ ਮੁੱਖ ਆਧਾਰ ਹੈ। ਇਹ ਐਲਬ ਦਾ ਜੰਕਰਾਂ ਦਾ ਪੂਰਬ ਹੈ ਜਿਸ ਨੇ ਅਫ਼ਸਰਸ਼ਾਹੀ ਦਾ ਵਿਸ਼ੇਸ਼ ਪ੍ਰਸ਼ੀਆਈ ਖ਼ਾਸਾ ਅਤੇ ਫ਼ੌਜੀ ਅਫ਼ਸਰਾਂ ਦਾ ਦਲ—ਜੰਕਰ—ਪੈਦਾ ਕੀਤੇ ਹਨ ਅਤੇ ਉਹਨਾਂ ਨੂੰ ਕਾਇਮ ਰੱਖਿਆ ਹੈ, ਜੰਕਰ ਜਿਨ੍ਹਾਂ ਨੂੰ ਉਹਨਾਂ ਦੀ ਕਰਜ਼ਦਾਰੀ, ਨੰਗਪੁਣਾ ਤੇ ਪਰਜੀਵਤਾ ਜੋ ਕਿ ਰਾਜ ਦੀ ਤੇ ਨਿੱਜੀ ਕੀਮਤ ਉੱਤੇ ਹੈ, ਵਧੇਰੇ ਹੀ ਵਧੇਰੇ ਤਬਾਹੀ ਵੱਲ ਜਾ ਰਹੇ ਹਨ ਅਤੇ ਇਸੇ ਕਰਕੇ ਉਹ ਉਸ ਸਰਦਾਰੀ ਨੂੰ ਜਿਸ ਦੀ ਉਹ ਵਰਤੋਂ ਕਰ ਰਹੇ ਹਨ, ਵਧੇਰੇ ਹੀ ਵਧੇਰੇ ਜ਼ੋਰ ਨਾਲ਼ ਚਿੰਬੜ ਰਹੇ ਹਨ; ਜੰਕਰ ਜਿਨ੍ਹਾਂ ਦੇ ਗ਼ਰੂਰ, ਕੁਫ਼ਰ ਤੇ ਹੈਂਕੜ ਨੇ ਦੇਸ਼ ਅੰਦਰ ਪ੍ਰਸ਼ੀਆਈ ਕੌਮ ਦੀ ਜਰਮਨ ਰੀਖ ਨਾਲ਼ ਅਜਿਹੀ ਘ੍ਰਿਣਾ ਪੈਦਾ ਕਰਵਾ ਦਿੱਤੀ ਹੈ, ਉਸ ਸਮੇਂ ਜਦੋਂ ਕਿ ਇਸ ਤੱਥ ਦਾ ਵੀ ਲਿਹਾਜ਼ ਕਰ ਦਿੱਤਾ ਜਾਵੇ ਕਿ ਇਸ ਸਮੇਂ ਇਹ ਰੀਖ ਅਜਿਹੇ ਇੱਕੋ ਇੱਕ ਰੂਪ ਵਜੋਂ ਅਟੱਲ ਹੈ, ਜਿਸ ਵਿੱਚ ਹੁਣ ਕੌਮੀ ਏਕਤਾ ਹਾਸਲ ਕੀਤੀ ਜਾ ਸਕਦੀ ਹੈ, ਅਤੇ ਇਹਦੀਆਂ ਸ਼ਾਨਦਾਰ ਜਿੱਤਾਂ ਦੇ ਬਾਵਜੂਦ ਇਸ ਦਾ ਇੰਨਾ ਘੱਟ ਆਦਰ ਕੀਤਾ ਜਾਂਦਾ ਹੈ। ਇਹਨਾਂ ਜੰਕਰਾਂ ਦੀ ਤਾਕਤ ਦਾ ਆਧਾਰ ਇਸ ਤੱਥ ਵਿੱਚ ਹੈ ਕਿ ਸੱਤ ਪੁਰਾਣੇ ਪ੍ਰਸ਼ੀਆਈ ਸੂਬਿਆਂ—ਭਾਵ ਰੀਖ ਦੇ ਸਮੁੱਚੇ ਇਲਾਕੇ ਦਾ ਲਗਭਗ ਤੀਜਾ ਹਿੱਸਾ—ਵਿੱਚ ਉਹਨਾਂ ਕੋਲ ਜ਼ਮੀਨੀ ਜਾਇਦਾਦ ਹੈ ਜੋ ਇੱਥੇ ਆਪਣੇ ਨਾਲ਼ ਸਮਾਜਕ ਅਤੇ ਰਾਜਨੀਤਕ ਦੋਵਾਂ ਤਰ੍ਹਾਂ ਦੀ ਤਾਕਤ ਲਿਆਉਂਦੀ ਹੈ, ਅਤੇ ਇਹ ਕੇਵਲ ਜ਼ਮੀਨੀ ਜਾਇਦਾਦ ਰਾਹੀਂ ਹੀ

ਨਹੀਂ ਸਗੋਂ ਉਹਨਾਂ ਦੀਆਂ ਚਕੰਦਰ-ਖੰਡ ਸਾਫ਼ ਕਰਨ ਵਾਲੇ ਕਾਰਖ਼ਾਨਿਆਂ ਤੇ ਸ਼ਰਾਬ ਦੇ ਕਾਰਖ਼ਾਨਿਆਂ ਰਾਹੀਂ ਜੋ ਕਿ ਇਸ ਇਲਾਕੇ ਦੀਆਂ ਸਭ ਤੋਂ ਅਹਿਮ ਸਨਅਤਾਂ ਹਨ, ਹਾਸਲ ਕੀਤੀ ਜਾਂਦੀ ਹੈ। ਨਾ ਤਾਂ ਬਾਕੀ ਦੇ ਜਰਮਨੀ ਦੇ ਵੱਡੇ ਜ਼ਿਮੀਂਦਾਰ ਤੇ ਨਾ ਹੀ ਵੱਡੇ ਸਨਅਤਕਾਰ ਇੱਕੋ ਜਿਹੀ ਸੁਖਾਵੀਂ ਪੁਜ਼ੀਸ਼ਨ ਵਿੱਚ ਹਨ। ਉਹਨਾਂ ਵਿੱਚੋਂ ਕਿਸੇ ਕੋਲ ਵੀ ਸੰਗਠਿਤ ਸਲਤਨਤ ਨਹੀਂ ਹੈ। ਦੋਵੇਂ ਹੀ ਵਿਸ਼ਾਲ ਇਲਾਕੇ ਉੱਤੇ ਫ਼ੈਲੇ ਹੋਏ ਹਨ ਅਤੇ ਉਹ ਆਰਥਕ ਤੇ ਰਾਜਨੀਤਕ ਸਰਦਾਰੀ ਲਈ ਆਪਣੇ ਵਿਚਕਾਰ ਅਤੇ ਆਪਣੇ ਦੁਆਲੇ ਦੇ ਦੂਜੇ ਸਮਾਜਕ ਅਸਰਾਂ ਨਾਲ਼ ਮੁਕਾਬਲਾ ਕਰਦੇ ਹਨ। ਪਰ ਇਹਨਾਂ ਜੰਕਰਾਂ ਦੀ ਇਸ ਸਰਦਾਰੀ ਦਾ ਆਰਥਕ ਆਧਾਰ ਸਹਿਜੇ ਸਹਿਜੇ ਮਾਂਦ ਪੈਂਦਾ ਜਾ ਰਿਹਾ ਹੈ। ਇੱਥੇ ਵੀ ਸਮੁੱਚੀ ਰਾਜਕੀ ਸਹਾਇਤਾ ਦੇ ਬਾਵਜੂਦ (ਅਤੇ ਫ਼ਰੈਡਰਿਕ ਦੂਜੇ ਤੋਂ ਲੈ ਕੇ ਇਸ ਮੱਦ ਨੂੰ ਹਰ ਇੱਕ ਬਾਕਾਇਦਾ ਜੰਕਰ ਬਜਟ ਵਿੱਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ) ਕਰਜ਼ਦਾਰੀ ਤੇ ਕੰਗਾਲੀ ਵਧਦੇ ਜਾ ਰਹੇ ਹਨ। ਕੇਵਲ ਕਾਨੂੰਨ ਤੇ ਰਿਵਾਜ ਵੱਲੋਂ ਆਗਿਆ ਵਾਲੀ ਅਸਲੀ ਅੱਧ-ਗ਼ੁਲਾਮੀ ਨੇ ਅਤੇ ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਪੇਂਡੂ ਮਜ਼ਦੂਰਾਂ ਦੀ ਅਸੀਮਤ ਲੁੱਟਚੋਂਘ ਨੇ ਅਜੇ ਵੀ ਡੁੱਬ ਰਹੇ ਜੰਕਰਾਂ ਨੂੰ ਮਸਾਂ ਹੀ ਬਚਾਇਆ ਹੋਇਆ ਹੈ। ਇਹਨਾਂ ਮਜ਼ਦੂਰਾਂ ਵਿੱਚ ਸੋਸ਼ਲ-ਡੈਮੋਕਰੇਸੀ ਦੇ ਬੀਅ ਬੀਜ ਦਿਉ, ਉਹਨਾਂ ਨੂੰ ਹੌਸਲਾ ਤੇ ਇੱਕਜੁੱਟਤਾ ਦਿਓ ਤਾਂ ਜੋ ਉਹ ਆਪਣੇ ਅਧਿਕਾਰਾਂ ਉੱਤੇ ਡਟ ਸਕਣ ਅਤੇ ਜੰਕਰਾਂ ਦੀ ਸ਼ਾਨ-ਸ਼ੌਕਤ ਮਿੱਟੀ ਵਿੱਚ ਮਿਲ ਜਾਵੇਗੀ। ਇਹ ਬਹੁਤ ਵੱਡੀ ਪਿਛਾਖੜੀ ਤਾਕਤ ਜੋ ਜਰਮਨੀ ਲਈ ਉਸੇ ਵਹਿਸ਼ੀ, ਲੋਟੂ-ਅਨਸਰ ਦੀ ਪ੍ਰਤੀਕ ਹੈ ਜਿਵੇਂ ਰੂਸੀ ਜ਼ਾਰਸ਼ਾਹੀ ਸਮੁੱਚੇ ਯੂਰਪ ਲਈ ਹੈ, ਸੂਈ-ਖੋਭੇ ਭਕਾਨੇ ਵਾਂਗ ਢਹਿ ਢੇਰੀ ਹੋ ਜਾਵੇਗੀ। ਪ੍ਰਸ਼ੀਆ ਦੀ ਫ਼ੌਜ ਦੀਆਂ "ਚੋਣਵੀਆਂ ਰਜਮੰਟਾਂ" ਸੋਸ਼ਲ-ਡੈਮੋਕਰੈਟਿਕ ਹੋ ਜਾਣਗੀਆਂ ਜਿਸ ਦਾ ਨਤੀਜਾ ਸੱਤਾ ਦੀ ਬਦਲੀ ਦੇ ਰੂਪ ਵਿੱਚ ਨਿੱਕਲੇਗਾ ਜੋ ਕਿ ਸਮੁੱਚੀ ਉੱਥਲ-ਪੁੱਥਲ ਨਾਲ਼ ਭਰਪੂਰ ਹੈ। ਕੇਵਲ ਇਸੇ ਕਾਰਨ ਹੀ ਇਸ ਗੱਲ ਦੀ ਬਹੁਤ ਵਡੇਰੀ ਅਹਿਮੀਅਤ ਹੈ ਕਿ ਪੱਛਮੀ ਜਰਮਨੀ ਦੇ ਛੋਟੇ ਕਿਸਾਨ ਨਾਲੋਂ ਜਾਂ ਅਜੇ ਦੱਖਣੀ ਜਰਮਨੀ ਦੇ ਦਰਮਿਆਨੇ ਕਿਸਾਨਾਂ ਨਾਲੋਂ ਵਧੇਰੇ ਐਲਬ ਦੇ ਪੂਰਬ ਦੇ ਪੇਂਡੂ ਪ੍ਰੋਲੇਤਾਰੀ ਨੂੰ ਜਿੱਤਿਆ ਜਾਵੇ। ਇਹ ਇੱਥੇ, ਐਲਬ ਦੇ ਪੂਰਬ ਪ੍ਰਸ਼ੀਆ ਵਿੱਚ ਹੀ ਹੈ ਕਿ ਸਾਡੇ ਕਾਜ਼ ਦੀ ਨਿਰਣਈ ਲੜਾਈ ਲੜੀ ਜਾਵੇਗੀ ਅਤੇ ਇਸੇ ਕਾਰਨ ਕਰ ਕੇ ਸਰਕਾਰ ਤੇ ਜੰਕਰਡਮ ਦੋਵੇਂ ਹੀ ਸਾਡੇ ਵੱਲੋਂ ਇੱਥੇ ਪਹੁੰਚ ਹਾਸਲ ਕੀਤੇ ਜਾਣ ਨੂੰ ਰੋਕਣ ਲਈ ਆਪਣੀ ਪੂਰੀ ਵਾਹ ਲਾਉਣਗੇ। ਅਤੇ ਜੇਕਰ, ਜਿਵੇਂ ਕਿ ਸਾਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਸਾਡੀ ਪਾਰਟੀ ਦੇ ਫ਼ੈਲਣ ਨੂੰ ਰੋਕਣ ਲਈ ਨਵੇਂ ਹਿੰਸਾ ਭਰੇ ਕਦਮਾਂ ਦਾ ਸਹਾਰਾ ਲਿਆ ਜਾਂਦਾ ਹੈ ਤਾਂ ਸਾਡਾ ਮੁੱਢਲਾ ਮੰਤਵ ਇਹ ਹੋਵੇਗਾ ਕਿ ਅਸੀਂ

ਐਲਬ ਦੇ ਪੂਰਬ ਦੇ ਪੇਂਡੂ ਪ੍ਰੋਲੇਤਾਰੀ ਵਿੱਚ ਆਪਣਾ ਪ੍ਰਚਾਰ ਨਾ ਕਰੀਏ। ਸਾਡੇ ਲਈ ਇਹਦੇ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਉਹਨੂੰ ਤਾਂ ਅਸੀਂ ਹਰ ਹਾਲਤ ਵਿੱਚ ਜਿੱਤ ਹੀ ਲਵਾਂਗੇ।

—15 ਅਤੇ 22 ਨਵੰਬਰ 1864
ਵਿਚਕਾਰ ਲਿਖਿਆ ਗਿਆ
–ਰਸਾਲੇ ਨਿਊਗ੍ਰੀਨਸ਼ ਜ਼ੀਤੁਗ ਬੀ.ਡੀ.1
ਨੰਬਰ 10, 1894–95

ਸਹੀ ਫ਼ਰੈਡਰਿਕ ਏਂਗਲਜ਼

— ਰਸਾਲੇ ਦੇ ਪਾਠ ਅਨੁਸਾਰ
ਛਾਪਿਆ ਗਿਆ। ਜਰਮਨ
ਤੋਂ ਅੰਗਰੇਜ਼ੀ ਵਿੱਚ
ਅਨੁਵਾਦਿਆ ਗਿਆ

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ
# ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 2. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 3. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 4. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 5. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 6. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 7. | ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ) | 45.00 |
| 8. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 9. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 10. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 11. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 12. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 13. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 14. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 15. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 16. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 17. | ਅਜਿੱਤ ਬਾਲਸ਼ਵਿਕ ਨਤਾਸ਼ਾ | 30.00 |
| 18. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 19. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 20. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 21. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 22. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 23. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 20. ਰੁਪਏ